



# ਅਛੂਤ ਰਾਜ ਬਿਛੂਰਤ ਦੁਖੁ ਪਾਇਆ

ਇਹ ਟ੍ਰੈਕਟ ਅਤੇ ਹੋਰ ਇਤਿਹਾਸਕ ਲਿਟਰੇਚਰ ਪੜ੍ਹਨ ਲਈ ਕਲਿੱਕ ਕਰੋ www.lalsingh.in | For Whats Apps Contact : 78141-42944

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਮੋਬਾਇਲ - 98148-39944 (ਰਜਿ. ਨੰ. 179-2006-07)
ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ


ਟ੍ਰੈਕਟ ਨੰ. 32/ ਪਹਿਲੀ ਵਾਰ 6000/ ਜਨਵਰੀ 2019 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ


# ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 642ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ


ਐਡਵੋਕੇਟ ਪ੍ਰੋ. ਲਾਲ ਸਿੰਘ
ਲੁਧਿਆਣਾ


ਸ੍ਰੀ ਜੋਗਿੰਦਰ ਪਾਲ
ਪਿੰਡ ਪਨਾਮ (ਹੁਸ਼ਿਆਰਪੁਰ)


ਸੂਬੇਦਾਰ ਹੰਸ ਰਾਜ
(ਭੋਗਪੁਰ)


ਸ੍ਰੀ ਦਲੀਪ ਚੰਦ
ਪਿੰਡ ਪਾਲਨੌ (ਫਿਲੌਰ)


ਸੋਮ ਨਾਥ ਸੀ.ਆਰ.ਪੀ.ਐਫ.
ਸਿਕੰਦਰਪੁਰ (ਅਲਾਵਲਪੁਰ)


ਕੈਪਟਨ ਗੁਰਬਖ਼ਸ਼ ਸਿੰਘ
ਹਰੀਪੁਰ (ਆਦਮਪੁਰ)


ਸ੍ਰੀ ਮਹਿੰਦਰ ਸਿੰਘ
ਭੋਗਪੁਰ


ਸ੍ਰੀ ਹਰਜੀਤ ਰਾਮ
ਦਰਾਵਾਂ


ਮਾਸਟਰ ਰਾਮ ਕਿਸ਼ਨ
ਰਾਸਤਗੋ


ਸ੍ਰੀ ਜਸਵੀਰ ਸਿੰਘ
ਬੱਬੀ


ਏ.ਐਸ.ਆਈ. ਸਤਨਾਮ ਸਿੰਘ
ਬਿਨਪਾਲਕੇ


ਸ੍ਰੀ ਕਮਲਜੀਤ
ਕੰਗਣੀਵਾਲ


ਸ੍ਰੀ ਅਮਰਜੀਤ ਸਿੰਘ
ਖਰਲ


ਮਾਸਟਰ ਪ੍ਰਭਜੀਤ
ਬਾਂਸਲ ਮਾਧੋਪੁਰ


ਸ੍ਰੀ ਸੰਦੀਪ ਟੋਹਾਣਾ
ਹਰਿਆਣਾ


ਮਾਸਟਰ ਬਲਜਿੰਦਰ ਸਿੰਘ
ਖਾਨਪੁਰ ਸਹੋਤਾ

# ਸ੍ਰੀ ਗੁਰੂ ਰਵਿਦਾਸ ਵਿਚਾਰਧਾਰਾ ਅਤੇ ਅਸੀਂ

ਰਛਪਾਲ ਸਿੰਘ ਬੱਧਣ (ਚੇਅਰਮੈਨ)
ਐਨ.ਬੀ. 180, ਪ੍ਰੀਤ ਨਗਰ ਸੋਢਲ ਰੋਡ ਜਲੰਧਰ
94176-10120



ਸਾਡੇ ਰਹਿਬਰਾਂ ਨੇ ਮਨੁੱਖਾ ਜ਼ਿੰਦਗੀ ਨੂੰ ਸੁਖਾਵਾਂ ਬਨਾਉਣ ਲਈ ਆਪਣੀ ਅਮੁੱਲੀ ਵਿਚਾਰਧਾਰਾ ਗੁਰਬਾਣੀ ਵਿਚ ਦਰਜ ਕੀਤੀ ਹੈ। ਇਹ ਗੁਰਬਾਣੀ ਅਸੀਂ ਨਿਤਨੇਮ ਨਾਲ ਪੜ੍ਹਦੇ ਹਾਂ, ਇਸ ਗੁਰਬਾਣੀ ਦੀ ਵਿਆਖਿਆ ਸੁਣਦੇ ਹਾਂ। ਇਹ ਗੁਰਬਾਣੀ ਹਰ ਖੁਸ਼ੀ-ਗ਼ਮੀ ਦੇ ਮੌਕੇ 'ਤੇ ਪੜ੍ਹੀ ਜਾਂਦੀ ਹੈ। ਗੁਰਬਾਣੀ ਦੀ ਵਿਚਾਰਧਾਰਾ ਨੂੰ ਅਸੀਂ ਅਪਣਾ ਕੇ ਆਪਣੇ ਜੀਵਨ ਨੂੰ ਸੁੱਖਮਈ ਬਣਾ ਸਕਦੇ ਹਾਂ। ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੇ ਆਪਣੀ ਗੁਰਬਾਣੀ ਵਿਚ ਥਾਂ-ਪੁਰ-ਥਾਂ ਆਪਣੀ ਵਿਚਾਰਧਾਰਾ ਪ੍ਰਗਟ ਕੀਤੀ ਹੈ। ਇਹ ਵਿਚਾਰਧਾਰਾ ਸਾਡੀ ਜ਼ਿੰਦਗੀ ਨੂੰ ਰੁਸ਼ਨਾਉਂਦੀ ਹੈ। ਇਸ ਸਬੰਧੀ ਅਸੀਂ ਇਕ ਉਦਾਹਰਣ ਲੈਂਦੇ ਹਾਂ। ਗੁਰੂ ਜੀ ਫੁਰਮਾਉਂਦੇ ਹਨ -

**ਸਤਸੰਗਤਿ ਮਿਲਿ ਰਹੀਐ ਮਾਧਉ**
**ਜੈਸੇ ਮਧੁਪ ਮਖੀਰਾ ॥੨॥**

ਸ੍ਰੀ ਗੁਰੂ ਰਵਿਦਾਸ ਜੀ ਉਪਦੇਸ਼ ਦਿੰਦੇ ਹਨ ਕਿ ਸਾਨੂੰ ਸ਼ਹਿਦ ਦੀਆਂ ਮੱਖੀਆਂ ਵਾਂਗ ਰਲਮਿਲ ਕੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਇਕੱਠਿਆਂ ਰਹਿ ਕੇ ਅਸੀਂ ਬੜਾ ਕੁਝ ਹਾਸਲ ਕਰ ਸਕਦੇ ਹਾਂ। ਸਾਡੇ ਵਿਚ ਬੜੇ ਗੁਣ ਪੈਦਾ ਹੋ ਸਕਦੇ ਹਨ। ਸ੍ਰੀ ਗੁਰੂ ਰਵਿਦਾਸ ਜੀ ਦੀ ਇਹ ਵਿਚਾਰਧਾਰਾ ਬੜੀ ਉੱਤਮ ਹੈ। ਪਰ ਕੀ ਅਸੀਂ ਇਸ ਵਿਚਾਰਧਾਰਾ ਉਤੇ ਪੂਰੇ ਉਤਰ ਰਹੇ ਹਾਂ? ਇਸ ਦਾ ਉੱਤਰ ਨਹੀਂ ਵਿਚ ਹੀ ਆਉਂਦਾ ਹੈ। 11 ਜਨਵਰੀ 2019 ਦੀਆਂ ਅਖਬਾਰਾਂ ਵਿਚ ਇਕ ਖਬਰ ਛਪੀ ਹੈ, ਜੋ ਕਿ ਇਸ ਤਰ੍ਹਾਂ ਹੈ -

'ਕਿਸ਼ਨਗੜ੍ਹ/ਕਾਲਾ ਬੱਕਰਾ (ਹੁਸਨ ਲਾਲ) ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਕੁਲਵੰਤ ਸਿੰਘ ਭਰੋ ਮਾਜਰਾ ਦੀ ਅਗਵਾਈ ਵਿਚ ਸੁਸਾਇਟੀ ਦੇ ਸਮੂਹ ਸੰਤ ਮਹਾਂਪੁਰਸ਼ ਡੇਰਾ ਸੰਤ ਸਰਵਨ ਦਾਸ ਜੀ ਸੱਚਖੰਡ ਬੱਲਾਂ ਪਹੁੰਚੇ। ਇਸ ਮੌਕੇ ਡੇਰੇ ਦੇ ਮੌਜੂਦਾ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦੁਆਰਾ ਸਾਰੇ ਸੰਤਾਂ-ਮਹਾਂਪੁਰਸ਼ਾਂ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਮਿਲਜੁਲ ਕੇ ਕਰਨ ਦੇ ਲਈ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ 'ਤੇ ਸੰਤ ਨਿਰੰਜਨ ਦਾਸ ਮਹਾਰਾਜ ਨੇ ਕਿਹਾ ਕਿ ਇਹ ਬਹੁਤ ਹੀ ਖੁਸ਼ੀ ਦੀ ਗੱਲ ਹੈ ਅਤੇ ਉਹ ਹਮੇਸ਼ਾ ਇਹੀ ਚਾਹੁੰਦੇ ਹਨ ਕਿ ਸਾਡਾ ਪੂਰਾ ਸਾਧੂ ਸਮਾਜ ਇਕੱਠਿਆਂ ਹੋ ਕੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦਾ ਪ੍ਰਚਾਰ-ਪ੍ਰਸਾਰ ਘਰ-ਘਰ ਤੱਕ ਪਹੁੰਚਾਏ।'

ਇਸ ਹਥਲੀ ਪੁਸਤਕਾ ਵਿਚ ਸ੍ਰੀ ਰੂਪ ਲਾਲ ਰੂਪ ਦੇ ਲੇਖ 'ਬੰਸਾਵਲੀਨਾਮਾ ਗੁਰੂ ਰਵਿਦਾਸ ਜੀ' ਵਿਚ ਲੇਖਕਾਂ ਦੇ ਸ੍ਰੀ ਗੁਰੂ ਰਵਿਦਾਸ ਜੀ ਦੀ ਜੀਵਨੀ ਸਬੰਧੀ ਵਖਰੇਵੇਂ ਦਰਜ ਕੀਤੇ ਗਏ ਹਨ। ਇਨ੍ਹਾਂ ਤੋਂ ਬਿਨਾਂ ਹੋਰ ਬਹੁਤ ਸਾਰੀਆਂ ਪੁਸਤਕਾਂ ਵਿਚ ਵੀ ਕਈ ਵਖਰੇਵੇਂ ਹਨ। ਸਮੁੱਚਾ ਸਾਧੂ

ਸਮਾਜ ਵੀ ਇਕ ਮੱਤ ਨਹੀਂ ਹੈ।

ਕਈ ਕਾਰਨਾਂ ਕਰਕੇ ਸੰਗਤ ਵੱਖ-ਵੱਖ ਸੰਪਰਦਾਵਾਂ ਅਤੇ ਧਰਮਾਂ ਵਿਚ ਵੰਡੀ ਜਾ ਰਹੀ ਹੈ। ਸਾਡੇ ਵਿਚਾਰ ਕੋਈ ਵੀ ਹੋਣ, ਅਸੀਂ ਕਿਸੇ ਵੀ ਸਿਆਸੀ ਪਾਰਟੀ ਨਾਲ ਸਬੰਧਿਤ ਹੋਈਏ, ਕਿਸੇ ਵੀ ਡੇਰੇ ਨਾਲ ਸੰਬੰਧਿਤ ਹੋਈਏ ਪਰ ਸਾਡੀ ਸੋਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨਾਲ ਸਾਂਝੀ ਹੋਣੀ ਚਾਹੀਦੀ ਹੈ। ਸਮੁੱਚੇ ਸਾਧੂ ਸਮਾਜ ਨੂੰ ਸਾਹਿਤਕਾਰਾਂ, ਬੁੱਧੀਜੀਵੀਆਂ, ਸਕਾਲਰਾਂ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਸਭਾ ਸੁਸਾਇਟੀਆਂ ਨੂੰ ਨਾਲ ਲੈ ਕੇ ਇਕ ਸਾਂਝਾ ਪਲੇਟਫਾਰਮ ਬਣਾਉਣਾ ਚਾਹੀਦਾ ਹੈ ਜੋ ਕਿ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਇਕ ਮਤ ਹੋ ਕੇ ਪ੍ਰਚਾਰ-ਪ੍ਰਸਾਰ ਘਰ-ਘਰ ਪਹੁੰਚਾਏ ਤਾਂ ਕਿ ਸੰਗਤ 'ਮਧੁਪ ਮਖੀਰਾ' ਵਾਂਗ ਇਕਮੁੱਠ ਹੋਵੇ।

# ਬੰਸਾਵਲੀਨਾਮਾ : ਗੁਰੂ ਰਵਿਦਾਸ ਜੀ



ਰੂਪ ਲਾਲ ਰੂਪ, ਰਿਟਾ. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਪਿੰਡ ਭੇਲਾਂ ਡਾਕਖਾਨਾ ਨਾਜਕਾ (ਜਲੰਧਰ)
ਮੋ. 94652-29722, 94652-25722

ਗੁਰੂ ਰਵਿਦਾਸ ਜੀ ਦੇ ਜੀਵਨ-ਦਰਸ਼ਨ ਬਾਰੇ ਅਨੇਕਾਂ ਖੋਜ ਭਰਪੂਰ ਗ੍ਰੰਥ ਲਿਖੇ ਜਾ ਚੁੱਕੇ ਹਨ, ਪਰ ਉਨ੍ਹਾਂ ਦਾ ਬੰਸਾਵਲੀਨਾਮਾ ਤੈਅ ਕਰਨ ਲਈ ਵਿਦਵਾਨਾਂ ਵੱਲੋਂ ਕੋਈ ਖਾਸ ਉਚੇਚ ਨਹੀਂ ਕੀਤਾ ਗਿਆ। ਉਨ੍ਹਾਂ ਦੇ ਜੀਵਨ ਬਾਰੇ ਝਾਤ ਪਾਉਂਦਾ ਪਲੇਠਾ ਸਰੋਤ 'ਰੈਦਾਸ ਕੀ ਪਰਿਚਈ' ਰਚਿਤ ਅਨੰਤ ਦਾਸ ਹੈ; ਜਿਸ ਦਾ ਰਚਨਾਕਾਲ ਸੰਮਤ 1645 ਬਿ. ਮੰਨਿਆ ਜਾਂਦਾ ਹੈ। ਇਸ ਪਰਿਚਈ ਵਿਚ ਉਨ੍ਹਾਂ ਦੇ ਜੀਵਨ ਨਾਲ ਜੁੜੀਆਂ ਅਠਾਈ ਸਾਖੀਆਂ ਅਤੇ ਉਨ੍ਹਾਂ ਦੀ ਚਮਾਰ ਜਾਤੀ ਦਾ ਉਲੇਖ ਤਾਂ ਮਿਲਦਾ ਹੈ; ਪਰ ਉਨ੍ਹਾਂ ਦੀ ਬੰਸਾਵਲੀ ਬਾਰੇ ਇਹ ਪਰਿਚਈ ਚੁੱਪ ਹੈ। ਇਸ ਲਈ ਉਨ੍ਹਾਂ ਦੇ ਬੰਸ ਬਾਰੇ ਕੁਝ ਵੀ ਕਹਿਣ ਤੋਂ ਪਹਿਲਾਂ ਉਨ੍ਹਾਂ ਦੇ ਸ਼ਾਦੀ-ਸ਼ੁਦਾ ਹੋਣ ਬਾਰੇ ਨਿਰਣਾ ਜ਼ਰੂਰੀ ਹੈ।

ਡਾ. ਧਰਮਪਾਲ ਸਿੰਗਲ ਆਪਣੀ ਪੁਸਤਕ 'ਸੰਤ ਸ਼ਿਰੋਮਣੀ ਰਵਿਦਾਸ' ਦੇ ਪੰਨਾ 28 ਪੁਰ ਲਿਖਦੇ ਹਨ 'ਰਵਿਦਾਸ ਜੀ ਦੇ ਅਨੁਆਈਆਂ ਵਿਚ ਇਹ ਗੱਲ ਆਮ ਤੌਰ 'ਤੇ ਮੰਨੀ ਜਾਂਦੀ ਹੈ ਕਿ ਉਹ ਇਕ ਸਫ਼ਲ ਗ੍ਰਿਹਸਥੀ ਸਨ। ਉਹ ਗ੍ਰਿਹਸਥ-ਆਸ਼ਰਮ ਵਿਚ ਰਹਿ ਕੇ ਹੀ ਉਦਾਸ ਜੀਵਨ ਬਤੀਤ ਕਰਦੇ ਸਨ ਤੇ ਸਾਰੇ ਘਰੇਲੂ ਤੇ ਕਾਰੋਬਾਰੀ ਕੰਮਕਾਰ ਕਰਦੇ ਹੋਏ ਵੀ ਪ੍ਰਭੂ ਦੀ ਭਜਨ ਬੰਦਗੀ ਵਿਚ ਲੀਨ ਰਹਿੰਦੇ ਸਨ। ਆਮ ਪ੍ਰਚਲਿਤ ਲੋਕ ਕਥਾਵਾਂ ਵਿਚ ਉਨ੍ਹਾਂ ਦੇ ਜੁੱਤੇ ਗੰਢਣ, ਜੁੱਤੇ ਭਿਉਣ ਵਾਲੇ ਕੂੰਡੇ ਵਿਚੋਂ ਸੇਵਕਾਂ ਨੂੰ ਚਰਣ-ਅੰਮ੍ਰਿਤ ਦੇਣ ਤੇ ਝੁੱਗੀ ਵਿਚ ਸਬਰ-ਸਬੂਰੀ ਦਾ ਜੀਵਨ ਬਤੀਤ ਕਰਨ ਬਾਰੇ ਬਹੁਤ ਸਾਰੇ ਇਸ਼ਾਰੇ ਮਿਲਦੇ ਹਨ। ਜਿਥੇ ਖੁਦ ਸੰਤਾਂ ਬਾਰੇ ਹੀ ਬਹੁਤਾ ਕੁਝ ਗਿਆਤ ਨਾ ਹੋਵੇ, ਜਨਮ-ਸੰਮਤ, ਜਨਮ-ਸਥਾਨ ਤੇ ਮਾਤਾ-ਪਿਤਾ ਬਾਰੇ ਹੀ ਕੁਝ ਪਤਾ ਨਾ ਹੋਵੇ ਉਥੇ 'ਪਤਨੀ ਤੇ ਪੁੱਤਰ' ਬਾਰੇ ਭਲਾ ਕੌਣ ਪੁੱਛਦਾ ਹੈ?' ਸਪੱਸ਼ਟ ਹੈ ਕਿ ਅਨੁਆਈ ਤਾਂ ਗੁਰੂ ਜੀ ਨੂੰ ਗ੍ਰਿਹਸਥੀ ਮੰਨਦੇ ਹਨ; ਪਰ ਡਾ. ਸਿੰਗਲ ਖੁਦ ਇਸ ਮੱਤ ਨੂੰ ਮਾਨਤਾ ਨਹੀਂ ਦਿੰਦੇ। ਡਾ. ਹਰਨੇਕ ਸਿੰਘ ਕਲੇਰ ਵੀ ਡਾ. ਸਿੰਗਲ ਦੀ ਹਾਂ ਵਿਚ ਹਾਂ

ਮਿਲਾਉਂਦਿਆਂ ਆਪਣੀ ਪੁਸਤਕ 'ਗੁਰੂ ਰਵਿਦਾਸ : ਜੀਵਨੀ ਤੇ ਬਾਣੀ ਦੀ ਪ੍ਰਮਾਣਿਕਤਾ' ਦੇ ਪੰਨਾ 128 ਪੁਰ ਲਿਖਦਾ ਹੈ 'ਆਪਦੇ ਜੀਵਨ ਨਾਲ ਸਬੰਧਿਤ ਤੱਥਾਂ ਦਾ ਅਭਾਵ ਸਪੱਸ਼ਟ ਕਰਦਾ ਹੈ ਕਿ ਆਪ ਆਜੀਵਨ ਬ੍ਰਹਮਚਾਰੀ ਰਹੇ। ਆਪਣੀ ਲੰਮੀ ਉਮਰ ਵੀ ਆਪ ਦੇ ਸ਼ੁਧ ਆਹਾਰ ਅਤੇ ਸਾਤਵਿਕ ਜੀਵਨ ਦੀ ਗਵਾਹੀ ਭਰਦੀ ਹੈ।'

ਕੁਝ ਵਿਦਵਾਨ ਗੁਰੂ ਰਵਿਦਾਸ ਜੀ ਨੂੰ ਸ਼ਾਦੀ-ਸ਼ੁਦਾ ਮੰਨਦੇ ਹਨ। ਇਸ ਮੱਤ ਦੀ ਪੁਸ਼ਟੀ ਕਰਨ ਵਾਲੇ ਚੋਟੀ ਦੇ ਵਿਦਵਾਨਾਂ ਵਿਚ ਡਬਲਯੂ.ਜੀ. ਬ੍ਰਿਗੇਜ਼, ਰਾਮਾਨੰਦ ਸ਼ਾਸਤਰੀ, ਡਾ. ਸੰਗਮ ਲਾਲ ਪਾਂਡੇ, ਡਾ. ਧਰਮਪਾਲ ਮੈਨੀ, ਡਾ. ਯੋਗਿੰਦਰ ਸਿੰਹੁ, ਡਾ. ਪਦਮ ਗੁਰਚਰਨ ਸਿੰਘ, ਡਾ. ਐਨ.ਕੇ. ਉਪਾਧਿਆਇ, ਸੰਤ ਜਗਬੀਰ ਸਿੰਹੁ, ਮਹੰਤ ਜਮਨਾਦਾਸ ਉਰਫ਼ ਜਸਵੰਤ ਸਿੰਘ ਸਤਿ ਦਰਬਾਰੀ ਆਦਿ ਸ਼ਾਮਲ ਹਨ। ਬਹੁਤੇ ਵਿਦਵਾਨਾਂ ਨੇ ਉਨ੍ਹਾਂ ਦੀ ਸੁਪਤਨੀ ਦਾ ਨਾਮ ਲੋਨਾ ਮੰਨਿਆ ਹੈ ਅਤੇ ਕੁਝ ਨੇ ਸੁਭਾਗਣ, ਭਾਗਣ, ਭਾਗ ਦੇਵੀ, ਭਾਗਵੰਤੀ ਆਦਿ ਵੀ ਲਿਖਿਆ ਹੈ।

ਸੰਤ ਜਮਨਾਦਾਸ ਉਰਫ਼ ਜਸਵੰਤ ਸਿੰਘ ਸਤਿ ਦਰਬਾਰੀ ਨੇ ਗੁਰੂ ਜੀ ਦੀ ਸੁਪਤਨੀ ਦਾ ਨਾਮ ਸੁਭਾਗਣ ਮੰਨਿਆ ਹੈ। ਉਸ ਨੇ ਉਨ੍ਹਾਂ ਦੇ ਸਪੁੱਤਰ ਦਾ ਨਾਮ ਸੰਤ ਕੁਮਾਰ ਅਤੇ ਸਪੁੱਤਰੀ ਸੰਤ ਕੁਮਾਰੀ ਲਿਖੀ ਹੈ। ਸਾਖੀਕਾਰ ਕਾਲਾ ਸਿੰਘ ਨਾਮਧਾਰੀਆ ਨੇ ਉਨ੍ਹਾਂ ਦੀ ਪਤਨੀ ਦਾ ਨਾਮ ਭਾਗਣ, ਸਾਖੀਕਾਰ ਬਰਕਤ ਸਿੰਘ ਅਨੰਦ ਨੇ ਭਾਗਦੇਵੀ ਅਤੇ ਜੋਧ ਸਿੰਘ ਨੇ ਭਾਗਵੰਤੀ ਮੰਨਿਆ ਹੈ। ਪਰ ਉਕਤ ਮੱਤਾਂ ਦੀ ਪੁਸ਼ਟੀ ਵਿਦਵਾਨਾਂ ਵੱਲੋਂ ਨਹੀਂ ਕੀਤੀ ਗਈ। ਇਸ ਲਈ ਅਸੀਂ ਵੀ ਇਸ ਮੱਤ ਨੂੰ ਅਣਗੌਲਿਆ ਕਰ ਦਿੱਤਾ ਹੈ।

ਗੁਰੂ ਰਵਿਦਾਸ ਜੀ ਦੀ ਸੁਪਤਨੀ 'ਲੋਨਾ' ਬਾਰੇ ਕੁਝ ਵਿਦਵਾਨਾਂ ਦਾ ਮੱਤ ਹੈ ਕਿ ਉਸ ਦਾ ਨਾਮ ਗੋਰਖ ਨਾਥ, ਜਿਸ ਦਾ ਸਮਾਂ ਨੌਵੀਂ ਅਤੇ ਦਸਵੀਂ ਸਦੀ ਮੰਨਿਆ ਜਾਂਦਾ ਹੈ, ਦੇ ਮੰਤਰਾਂ ਵਿਚ ਦਰਜ ਹੈ। ਇਸ ਲਈ ਇਹ 'ਲੋਨਾ' ਨੂੰ ਗੁਰੂ ਜੀ ਦੀ ਪਤਨੀ ਸਵੀਕਾਰ ਕਰਨ ਤੋਂ ਸੰਕੋਚ ਕਰਦੇ ਹਨ। ਕੁਝ ਵਿਦਵਾਨ ਮਲਿਕ ਮੁਹੰਮਦ ਜਾਇਸੀ ਦੀ ਇਤਿਹਾਸਕ ਰਚਨਾ ਪਦਮਾਵਤ ਦਾ ਹਵਾਲਾ ਦਿੰਦਿਆਂ ਉਸਨੂੰ ਕਾਮਰੂਪ ਦੇਸ਼ ਜੋ ਆਸਾਮ ਪ੍ਰਾਂਤ ਦਾ ਉਹ ਹਿੱਸਾ ਜਿਸ ਨੂੰ ਪ੍ਰਾਚੀਨ ਸਮੇਂ ਵਿਚ ਜਾਦੂ ਮੰਤਰ ਦਾ ਕੇਂਦਰ ਮੰਨਿਆ ਜਾਂਦਾ ਸੀ ਦੀ ਜਾਦੂਗਰਨੀ ਗਰਦਾਨਦੇ ਹਨ। ਕੁਝ ਬੱਚਿਆਂ ਦੀ ਰਖਵਾਲੀ ਕਰਨ ਵਾਲੀ ਦੇਵੀ ਵਜੋਂ ਮਾਨਤਾ ਦਿੰਦੇ ਹਨ, ਪਰ ਅਸੀਂ ਉਕਤ ਦਲੀਲਾਂ ਨਾਲ ਸਹਿਮਤ ਨਹੀਂ ਕਿਉਂਕਿ ਨਾਵਾਂ ਦਾ ਦੁਹਰਾ ਸਦੀਆਂ ਤੋਂ ਹੁੰਦਾ ਆ ਰਿਹਾ ਹੈ; ਜਿਵੇਂ ਰਮਾਇਣ ਅਤੇ ਮਹਾਂਭਾਰਤ ਵਿਚ ਦਰਜ ਪਾਤਰਾਂ ਦੇ ਨਾਵਾਂ ਵਾਲੇ ਅੱਜ ਵੀ ਅਨੇਕਾਂ ਪੁਰਸ਼ ਇਸਤਰੀਆਂ ਸਾਡੇ ਸਮਾਜ ਵਿਚ ਮੌਜੂਦ ਹਨ।

ਇਹ ਵੀ ਸੱਚ ਹੈ ਕਿ ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕਿਧਰੇ ਵੀ ਗ੍ਰਹਿਸਥ ਮਾਰਗ ਦੇ ਤਿਆਗ ਦੀ ਗੱਲ ਨਹੀਂ ਕੀਤੀ ਅਤੇ ਨਾ ਹੀ ਉਨ੍ਹਾਂ ਔਰਤ ਜਾਤੀ ਦੀ ਨਿੰਦਾ ਕੀਤੀ ਹੈ। ਉਨ੍ਹਾਂ ਤਾਂ ਰਾਜੇ ਮਹਾਰਾਜਿਆਂ ਦੇ ਨਾਲ-ਨਾਲ ਅਨੇਕਾਂ ਰਾਣੀਆਂ-ਮਹਾਰਾਣੀਆਂ ਨੂੰ ਨਾਮ ਦੀ ਬਖਸ਼ਿਸ਼ ਕੀਤੀ ਹੈ; ਜਿਨ੍ਹਾਂ ਵਿਚ ਰਾਣੀ ਝਾਲੀ, ਕਰਮਾਬਾਈ, ਮੀਰਾ ਬਾਈ ਆਦਿ ਜ਼ਿਕਰਯੋਗ ਹਨ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਗ੍ਰਹਿਸਥੀ ਸਨ। ਉਨ੍ਹਾਂ ਦੀ ਸੁਪਤਨੀ ਮਾਤਾ ਲੋਨਾ ਅਤੇ ਸਪੁੱਤਰ ਵਿਜਯਦਾਸ ਜੀ ਸਨ। ਉਨ੍ਹਾਂ ਦੇ ਸ਼ਾਦੀ-ਸ਼ੁਦਾ ਹੋਣ ਬਾਰੇ ਪ੍ਰਾਚੀਨ ਗ੍ਰੰਥਾਂ ਦੇ ਹਵਾਲੇ ਐਵੇਂ ਸੁੱਟ ਪਾਉਣ ਵਾਲੇ ਨਹੀਂ ਹਨ। ਇਸ ਲਈ ਅਸੀਂ ਡਾ. ਹਰਨੇਕ ਸਿੰਘ ਕਲੇਰ ਦੇ ਇਸ ਮੱਤ ਨਾਲ ਸਹਿਮਤ ਨਹੀਂ ਕਿ ਕਿਸੇ

ਪਰਵਰਤੀ ਸੰਤ ਨੇ ਆਪਦੇ ਪਰਿਵਾਰ ਬਾਰੇ ਕੁਝ ਨਹੀਂ ਲਿਖਿਆ; ਜਦੋਂ ਕਿ ਸੰਤ ਕਰਮਦਾਸ ਰਚਿਤ 'ਰਵਿਦਾਸ ਮਹਿਮਾ', ਜੋ ਸਤਾਰਵੀਂ ਸਦੀ ਦੇ ਅੰਤਲੇ ਦਹਾਕੇ ਦੀ ਰਚਨਾ ਹੈ, ਵਿਚ ਗੁਰੂ ਜੀ ਦੀਆਂ ਸੱਤ ਪੁਸ਼ਤਾਂ ਦਾ ਜ਼ਿਕਰ ਮਿਲਦਾ ਹੈ।

ਸੰਤ ਕਰਮਦਾਸ ਰਚਿਤ 'ਰਵਿਦਾਸ ਮਹਿਮਾ' ਵਿਚ ਗੁਰੂ ਰਵਿਦਾਸ ਜੀ ਦੇ ਪਿਤਾ ਦਾ ਨਾਮ ਮਾਨਦਾਸ ਦਰਸਾਇਆ ਗਿਆ ਹੈ। ਇਹੀ ਨਾਮ 'ਭਵਿਸ਼ ਪੁਰਾਣ' ਵਿਚ ਦਰਜ ਹੈ, ਪਰ ਪ੍ਰਾਚੀਨ ਗ੍ਰੰਥਾਂ ਦੇ ਹਵਾਲਿਆਂ ਸਨਮੁੱਖ ਵਿਦਵਾਨਾਂ ਨੇ ਇਸ ਨੂੰ ਮਾਨਤਾ ਨਹੀਂ ਦਿੱਤੀ। 'ਰਵਿਦਾਸ ਰਮਾਇਣ' ਵਿਚ ਗੁਰੂ ਜੀ ਦੀ ਸੰਖੇਪ ਬੰਸਾਵਲੀ ਦਾ ਜ਼ਿਕਰ ਹੈ ਜਿਸ ਵਿਚ ਉਨ੍ਹਾਂ ਦੇ ਪਿਤਾ ਦਾ ਨਾਮ ਰਾਹੂ ਅਤੇ ਦਾਦਾ ਹਰਿਨੰਦ ਦਰਸਾਇਆ ਗਿਆ ਹੈ। ਚੋਟੀ ਦੇ ਵਿਦਵਾਨਾਂ ਰਾਹੂ ਨੂੰ ਰਘੂ ਦਾ ਅਪਭ੍ਰੰਸ਼ ਰੂਪ ਮੰਨਿਆ ਹੈ। ਇਨ੍ਹਾਂ ਨਾਵਾਂ ਨੂੰ ਵੱਡੀ ਗਿਣਤੀ ਵਿਚ ਵਿਦਵਾਨਾਂ ਦੀ ਹਮਾਇਤ ਹਾਸਲ ਹੈ। ਇਸ ਲਈ 'ਰਵਿਦਾਸ ਰਮਾਇਣ' ਅਤੇ ਸੰਤ ਕਰਮਦਾਸ ਦੀ 'ਰਵਿਦਾਸ ਮਹਿਮਾ' ਦੇ ਮੱਦੇਨਜ਼ਰ ਗੁਰੂ ਰਵਿਦਾਸ ਜੀ ਦੀ ਬੰਸਾਵਲੀ ਹੇਠ ਲਿਖੇ ਅਨੁਸਾਰ ਤੈਅ ਹੁੰਦੀ ਹੈ–

**ਬੰਸਾਵਲੀਨਾਮਾ**

**ਹਰਿਨੰਦ**

**ਰਾਹੂ (ਰਘੂ)**

**ਰਵਿਦਾਸ**

**ਵਿਜਯਦਾਸ**

**ਵਿਨਯਦਾਸ**

**ਰਮਦਾਸ**

| | |
|---|---|
| **ਉਦਯਦਾਸ** | **ਗੋਪਾਲਦਾਸ** |
| **ਜੋਗੀਦਾਸ** | **ਸੰਤਦਾਸ (ਸੰਤ ਕੁਮਾਰ)** |
| **ਧਰਮਦਾਸ** | **ਵੀਰਭਾਨ** |
| | **ਕਰਮਦਾਸ** |

ਗੁਰੂ ਰਵਿਦਾਸ ਜੀ ਦੇ ਵੰਸ਼ਜ ਵੀਰਭਾਨ, ਜੋ ਭਗਤੀ ਦੇ ਪੂਰੇ ਅਤੇ ਕਰਨੀ ਦੇ ਸੂਰੇ ਸਾਧੂ ਸਨ, ਦਾ 'ਰਵਿਦਾਸ ਮਹਿਮਾ' ਦੇ ਪਦ 43 ਅਤੇ 44 ਵਿਚ ਬਾਦਸ਼ਾਹ ਔਰੰਗਜ਼ੇਬ ਦੀਆਂ ਧਰਮ ਵਿਰੋਧੀ ਚਾਲਾਂ ਖਿਲਾਫ ਦਸਤਪੰਜਾ ਲੈਣ ਦਾ ਵੇਰਵਾ ਇੰਜ ਦਰਜ ਹੈ –

**ਵੀਰਭਾਨ ਭਗਤਿ ਮਹਿ ਪੂਰਾ ॥**
**ਧਰਮ ਹੇਤੁ ਲਰਯੋ ਬਨਿ ਸੂਰਾ ॥ 43 ॥**

**ਸਾਧੂ ਪਨਿਹਾਰ ਸੇਵਾ ਕੀਨਹੀ ॥**
**ਔਰੰਗਜ਼ੇਬ ਸੋਂ ਟਾਕਰ ਲੀਨਹੀ ॥ 44 ॥**

ਪਿਤਾ ਦੀ ਜੁਝਾਰੂ ਬਿਰਤੀ ਵਾਲੀ ਗੁੜ੍ਹਤੀ ਉਸਦੇ ਪੁੱਤਰਾਂ ਸੰਤ ਧਰਮਦਾਸ ਅਤੇ ਕਰਮਦਾਸ ਨੂੰ ਘਰ ਤੋਂ ਹੀ ਪ੍ਰਾਪਤ ਹੋਈ ਸੀ। ਸੰਤ ਧਰਮਦਾਸ ਨੇ ਮੁਗਲ ਹਕੂਮਤ ਵਿਰੁੱਧ ਬਗਾਵਤੀ ਝੰਡਾ ਚੁੱਕਿਆ

ਅਤੇ ਸੰਤ ਕਰਮਦਾਸ ਨੇ ਗੁਰੂ ਰਵਿਦਾਸ ਜੀ ਵਾਲਾ ਭਗਤੀ-ਮਾਰਗ ਚੁਣਿਆ। ਅਚਾਰੀਆ ਪ੍ਰਿਥਵੀ ਸਿੰਘ ਅਜ਼ਾਦ ਨੇ ਆਪਣੀ ਪੁਸਤਕ 'ਰਵਿਦਾਸ ਦਰਸ਼ਨ' ਦੇ ਪੰਨਾ 72 ਪੁਰ ਲਿਖਿਆ ਹੈ 'ਸੰਤ ਧਰਮਦਾਸ, ਜੋ ਸਿੱਖੋਂ ਕੇ ਪੰਚ ਪਿਆਰੋਂ ਮੇਂ ਏਕ ਥੇ ਔਰ ਜਿਨਕਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਸਿੰਘ ਰੱਖਾ ਥਾ, ਗੁਰੂ ਰਵਿਦਾਸ ਜੀ ਕੇ ਪ੍ਰਪੌਤਰ ਥੇ।' ਸੰਤ ਧਰਮਦਾਸ ਨੂੰ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਮੁਬਾਰਕ ਹੱਥਾਂ ਨਾਲ ਅੰਮ੍ਰਿਤ ਛਕਣ ਦਾ ਸੁਭਾਗ ਪ੍ਰਾਪਤ ਹੈ। ਸੰਤ ਕਰਮਦਾਸ ਦੀ 'ਰਵਿਦਾਸ ਮਹਿਮਾ' ਤੋਂ ਇਲਾਵਾ ਗੁਰੂ ਰਵਿਦਾਸ ਜੀ ਦੀ ਬੰਸਾਵਲੀ ਦੀ ਹੋਰ ਕੋਈ ਕਿਸੇ ਸਰੋਤ ਤੋਂ ਦੱਸ ਨਹੀਂ ਪੈਂਦੀ। ਪਰ ਉਪਲਬਧ ਬੰਸਾਵਲੀ 'ਰਵਿਦਾਸੀਆ ਕੌਮ' ਦਾ ਸ਼ਾਨਾਮੱਤਾ ਇਤਿਹਾਸ ਹੈ; ਜਿਸ ਦੀ ਸਾਂਭ ਸੰਭਾਲ ਕਰਦਿਆਂ ਖੋਜ-ਕਾਰਜਾਂ ਨੂੰ ਨਵੇਂ ਸਿਰਿਓਂ ਵਿਉਂਤਬੰਦ ਕਰਨਾ ਚਾਹੀਦਾ ਹੈ।

# "ਅਛਤ ਰਾਜ ਬਿਛੁਰਤ ਦੁਖੁ ਪਾਇਆ"



ਮਨਜੀਤ ਸਿੰਘ ਚੁਖਿਆਰਾ
ਮੋਬਾਈਲ - 94178-91666

ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਕਥਨ, **"ਅਛਤ ਰਾਜ ਬਿਛੁਰਤ ਦੁਖੁ ਪਾਇਆ"** ਵਿਚ ਗੁਰੂ ਸਾਹਿਬ ਨੇ ਇਕ ਰਾਜੇ ਦੇ ਕੇਵਲ ਇਕ ਰਾਤ ਦੇ ਸੁਪਨੇ ਵਿਚ ਰਾਜ-ਭਾਗ ਵਿਛੜਨ (ਖੁਸ ਜਾਣ) ਕਾਰਨ ਅਤਿਅੰਤ ਦੁਖੀ ਹੋਣ ਦਾ ਸੰਕੇਤ ਦਿੱਤਾ ਹੈ, ਪ੍ਰੰਤੂ ਜਿਹੜੀਆਂ ਮੂਲ ਵਾਸੀ ਦਲਿਤ ਕੌਮਾਂ ਤੋਂ ਉਨ੍ਹਾਂ ਦਾ ਰਾਜ-ਭਾਗ ਖੋਹ ਕੇ ਉਨ੍ਹਾਂ ਨੂੰ 5000 ਸਾਲਾਂ ਤੱਕ ਨੀਚ, ਅਛੂਤ, ਗੁਲਾਮ, ਦਾਸ ਆਦਿ ਬਣਾ ਕੇ ਰੱਖਿਆ ਹੋਵੇ ਉਨ੍ਹਾਂ ਦੀ ਦਸ਼ਾ ਕਿਹੋ ਜਿਹੀ ਹੋਵੇਗੀ, ਸ਼ਾਇਦ ਇਸ ਦਾ ਅੰਦਾਜ਼ਾ ਲਗਾਉਣਾ ਬਹੁਤ ਕਠਿਨ ਹੋਵੇਗਾ। ਰਾਜ ਦੇ ਖੁਸ ਜਾਣ ਕਾਰਨ ਸਭ ਕੁਝ ਨਸ਼ਟ ਹੋ ਜਾਂਦਾ ਹੈ **"ਰਾਜ ਬਿਨਾ ਨਹੀਂ ਧਰਮ ਚਲੇ ਹੈਂ, ਧਰਮ ਬਿਨਾ ਸਭ ਦਲੇ ਮਲੇ ਹੈ॥"** ਕਈ ਸਦੀਆਂ ਤੋਂ ਦੁਨੀਆਂ ਉੱਤੇ ਧਰਮ ਦੀ ਗੱਲ ਹੋ ਰਹੀ ਹੈ। ਦਲਿਤਾਂ ਦੀ ਸਿੰਧੂ ਘਾਟੀ, ਮਹਿੰਜੋਦੜੋ ਅਤੇ ਹੜੱਪਾ ਦੀ ਸੱਭਿਅਤਾ ਵੇਲੇ ਭਾਰਤ ਵਿਚ ਸੱਚੇ-ਸੁੱਚੇ ਧਰਮ ਦਾ ਬੋਲ-ਬਾਲਾ ਸੀ ਜਿਹੜਾ ਕੁਦਰਤ ਦੇ ਨੇਮਾਂ ਅਨੁਸਾਰ ਸੀ। ਲੋਕਾਂ ਵਿਚ ਉਸ ਵੇਲੇ ਕੋਈ ਝੂਠ, ਫਰੇਬ, ਧੋਖਾ, ਵਿਸ਼ਵਾਸਘਾਤ, ਛੜ-ਯੰਤਰ ਆਦਿ ਜਿਹੀਆਂ ਘਿਨਾਉਣੀਆਂ ਤੇ ਮਨੁੱਖਤਾ ਮਾਰੂ ਨੀਤੀਆਂ ਨਹੀਂ ਸਨ। ਇਹ ਸੱਭਿਅਤਾ ਦੁਨੀਆਂ ਦੀ ਸਭ ਤੋਂ ਉੱਤਮ ਸੱਭਿਅਤਾ ਸੀ। ਇਹ ਮਹਾਨ ਸੱਭਿਅਤਾ ਸ਼ਾਂਤੀ, ਆਪਸੀ ਪਿਆਰ ਭਾਵਨਾ 'ਤੇ ਅਧਾਰਿਤ ਸਰਬ-ਸਾਂਝਾ ਸਮਾਜ, ਆਪਸੀ ਮੇਲ-ਜੋਲ, ਸੁਤੰਤਰਤਾ, ਸਮਾਨਤਾ ਨਿਆਂ ਅਤੇ ਵਿਕਾਸ ਭਰਪੂਰ ਵਾਤਾਵਰਣ 'ਤੇ ਆਧਾਰਿਤ ਸੀ। ਪ੍ਰੰਤੂ ਮੱਧ ਏਸ਼ੀਆ ਤੋਂ ਆਏ ਜਾਂਗਲੀ, ਜ਼ਾਲਮ, ਅਨਪੜ੍ਹ, ਧਰਮ, ਕਲਾ ਦੇ ਦੁਸ਼ਮਣ ਅਤੇ ਸੰਸਕ੍ਰਿਤੀ ਤੋਂ ਕੋਰੇ ਆਰੀਅਨ ਹਮਲਾਵਰਾਂ ਨੇ ਇਨ੍ਹਾਂ ਪਿਆਰ ਭਾਵਨਾ ਵਿਚ ਮੁਗਧ, ਸ਼ਾਂਤੀ ਅਤੇ ਮਹਾਂਰਾਜਿਆਂ ਵਾਲਾ ਅਨੰਦਮਈ ਜੀਵਨ ਜੀਅ ਰਹੇ ਮੂਲਵਾਸੀਆਂ ਅਤੇ ਇਨ੍ਹਾਂ ਦੀ ਸੱਭਿਅਤਾ ਨੂੰ ਤਬਾਹ ਕਰਕੇ ਮੁਰਦਿਆਂ ਦਾ ਥੇਹ ਬਣਾ ਦਿੱਤਾ।

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਇਕ ਹੋਰ ਫ਼ੁਰਮਾਨ ਹੈ ਕਿ **"ਪਹਿਲਾ ਸੁਖ ਸਵਰਾਜ ਮੇ, ਦੂਜਾ ਮਰਗਟ ਗਾਉਂ॥"** ਕਿ ਹੇ ਮਨੁੱਖ ਜੇਕਰ ਤੂੰ ਪਹਿਲਾ ਸੁੱਖ ਪ੍ਰਾਪਤ ਕਰਨਾ ਹੈ ਤਾਂ ਉਹ ਆਪਣੇ ਰਾਜ ਭਾਗ

ਵਿਚੋਂ ਮਿਲ ਸਕਦਾ ਹੈ, ਰਾਜ ਭਾਗ ਤੋਂ ਬਾਅਦ ਦੂਸਰਾ ਸੁੱਖ ਤਾਂ ਫਿਰ ਕਬਰਾਂ ਵਿਚ ਜਾ ਕੇ ਮਿਲਣਾ ਹੈ ਭਾਵ ਉਦੋਂ ਜਦੋਂ, "ਇਕ ਦਿਨ ਸੋਵਨੁ ਹੋਇਗੋ, ਲਾਂਬੇ ਗੋਡ ਪਸਾਰਿ ॥" ਪ੍ਰੰਤੂ ਸਾਨੂੰ ਤਾਂ ਇਹ ਸਿਖਿਆ ਦਿੱਤੀ ਜਾ ਰਹੀ ਹੈ ਕਿ "ਤਪੋਂ ਰਾਜ ਤੇ ਰਾਜੋਂ ਨਰਕ" ਭਾਵ ਜੇਕਰ ਤੁਸੀਂ ਇਸ ਜਨਮ ਵਿਚ ਰਾਜ ਪ੍ਰਾਪਤ ਕਰ ਲਿਆ ਤਾਂ ਅਗਲੇ ਜਨਮ ਤੁਹਾਨੂੰ ਨਰਕ ਮਿਲਣਾ ਹੈ। ਇਸ ਕਰਕੇ ਦਲਿਤ ਸਮਾਜ ਅਗਲੇ ਜਨਮ 'ਚ ਸਵਰਗ ਪ੍ਰਾਪਤ ਕਰਨ ਲਈ ਰਾਜ-ਭਾਗ ਨੂੰ ਤਿਆਗ ਕੇ ਇਸੇ ਜਨਮ ਵਿਚ ਗਿਆਨ ਵਿਹੂਣੀ ਪ੍ਰਭ ਭਗਤੀ ਵਿਚ ਵਲੀਨ ਆਪ ਵੀ ਨਰਕ ਭੋਗ ਰਿਹਾ ਹੈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਵੀ ਨਰਕ ਦੇ ਕੁੰਡ ਤਿਆਰ ਕਰਵਾ ਰਿਹਾ ਹੈ। ਪ੍ਰੰਤੂ ਚਤੁਰ ਵਰਗ ਅੱਜ ਵੀ ਭਾਰਤ ਦੇ 85% ਲੋਕਾਂ ਨੂੰ ਇਨ੍ਹਾਂ ਗੱਲਾਂ ਵਿਚ ਭਰਮਾ ਕੇ ਸੱਤਾ ਉਤੇ ਕਬਜ਼ਾ ਕਰਕੇ ਬੈਠਾ ਹੈ। ਦਲਿਤ ਸਮਾਜ ਨੂੰ ਅਪੀਲ ਹੈ ਕਿ ਭਵਿੱਖ ਵਿਚ ਉਹ ਉਸ ਪਾਰਟੀ ਨੂੰ ਹੀ ਸੱਤਾ ਵਿਚ ਲਿਆਉਣ ਜੋ ਸੰਵਿਧਾਨ ਦੀ ਰੱਖਿਆ ਲਈ ਵਚਨਬੱਧ ਹੈ ਅਤੇ ਜਿਹੜੀ ਐਸ.ਸੀ., ਐਸ.ਟੀ., ਬੀ.ਸੀ., ਓ.ਬੀ.ਸੀ. ਦੇ ਲੋਕਾਂ ਵਿਚੋਂ ਪੈਦਾ ਹੋਈ ਹੈ ਅਤੇ ਇਸ ਸਮਾਜ ਦੇ ਹੱਕਾਂ ਦੀ ਗੱਲ ਕਰਦੀ ਹੈ। ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਕਿਹਾ ਸੀ ਕਿ ਮੈਂ ਤਹਾਨੂੰ ਹਿੰਦੂਆਂ ਦੇ ਬ੍ਰਹਮ-ਅਸਤਰ ਤੋਂ ਵੀ ਵੱਡਾ ਹਥਿਆਰ ਦੇ ਕੇ ਚੱਲਿਆਂ ਹਾਂ, ਉਹ ਹੈ ਵੋਟ ਦੇਣ ਦਾ ਅਧਿਕਾਰ, ਇਸ ਲੋਕਤੰਤਰਿਕ ਅਧਿਕਾਰ ਦਾ ਸਹੀ ਉਪਯੋਗ ਕਰੋ ਅਤੇ ਆਪਣੇ ਖਿਲਾਫ ਹੋਣ ਵਾਲੀ ਹਰ ਸਾਜਿਸ਼ ਨੂੰ ਅਸਫਲ ਕਰ ਦਿਓ। ਇਸ ਦੇ ਵਿਚ ਹੀ ਤੁਹਾਡਾ ਗੌਰਵ ਅਤੇ ਸਨਮਾਨ ਹੈ। ਆਓ ਆਪਾਂ ਰਾਜਨੀਤਿਕ ਸ਼ਕਤੀ ਹਾਸਲ ਕਰੀਏ ਕਿਉਂਕਿ ਰਾਜਨੀਤਕ ਸ਼ਕਤੀ ਤੋਂ ਬਿਨਾਂ ਦਲਿਤ ਸਮਾਜ ਦਾ ਕਲਿਆਣ ਸੰਭਵ ਨਹੀਂ।

# ਕ੍ਰਾਂਤੀਕਾਰੀ ਰਹਿਬਰ ਸ੍ਰੀ ਗੁਰੂ ਰਵਿਦਾਸ ਜੀ ਦੀ ਉਪਮਾ

ਕਾਂਸ਼ੀ ਰਾਮ 'ਕਲੇਰ' ਜੰਡੂ ਸਿੰਘਾ ਜਲੰਧਰ
98153-06544



ਬਹੁਤ ਸਾਰੇ ਰਹਿਬਰਾਂ ਨੇ ਆਪਣੀ ਬਾਣੀ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਉਪਮਾ ਕੀਤੀ ਹੈ, ਜਿਸ ਤੋਂ ਇਨ੍ਹਾਂ ਰਹਿਬਰਾਂ ਦੀ ਸ੍ਰੀ ਗੁਰੂ ਰਵਿਦਾਸ ਜੀ ਪ੍ਰਤੀ ਸ਼ਰਧਾ ਤੇ ਸਤਿਕਾਰ, ਗੁਰੂ ਸਾਹਿਬ ਦੀ ਵਿਚਾਰਧਾਰਾ, ਜੀਵਨ ਇਤਿਹਾਸ ਸਬੰਧੀ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਸੰਤ ਕਰਮ ਦਾਸ ਜੀ ਦਾ ਆਪਣੇ ਸਲੋਕ ਵਿਚ ਗੁਰੂ ਰਵਿਦਾਸ ਜੀ ਦੇ ਜਨਮ ਤਰੀਕ ਮਾਘ ਦੀ ਪੂਰਨਮਾਸੀ ਸੰਮਤ 1433 ਬਿਕਰਮੀ ਭਾਵ 25 ਜਨਵਰੀ 1377 ਈ. ਜਿਸ ਬਾਰੇ ਬਹੁਤੇ ਵਿਦਵਾਨ ਸਹਿਮਤ ਹਨ ਬਾਬਤ ਪੂਰੀ ਜਾਣਕਾਰੀ ਉਪਲੱਬਧ ਹੁੰਦੀ ਹੈ।

ਚੌਦਾਂਹ ਸੈ ਤੈਤੀਸ ਕੀ ਮਾਘ ਸੁਦੀ ਪੰਦਰਾਸ ॥
ਦੁਖੀਓਂ ਕੇ ਕਲਿਆਣ ਹਿਤ ਪ੍ਰਗਟੇ ਸ੍ਰੀ ਰਵਿਦਾਸ ॥

ਸੋਢੀ ਮਨੋਹਰ ਦਾਸ ਮਿਹਰਬਾਨ ਦੀ ਪੁਰਾਤਨ ਸਾਖੀ ਜਿਸ ਨੂੰ ਪੋਥੀ ਸੱਚਖੰਡ ਵੀ ਕਿਹਾ ਜਾਂਦਾ ਹੈ ਵਿਚ ਅੰਕਿਤ ਹੈ ਕਿ ਮਰਦਾਨਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਨਮੁੱਖ ਗਾਉਂਦਾ ਸੀ।

(ਮਰਦਾਨਾ) ਤਲਵੰਡੀ ਰਾਇ ਭੋਐ ਕੀ ਰਹਦਾ ਰਬਾਬੁ ਵਜਾਇਦਾ, ਨਾਮਾ ਕੰਬੀਰ ਤ੍ਰਿਲੋਚਨ ਰਵਿਦਾਸ ਧੰਨੇ ਬੇਣੀ ਕੇ ਪਦੇ ਗਾਵਤਾ। ਗੁਰੂ ਨਾਨਕ ਕੈ ਆਗੇ ਪਦੇ ਗਾਵਤਾ॥

ਸ. ਸੁਦਰਸ਼ਨ ਸਿੰਘ ਮਜੀਠੀਆ ਇਕ ਲਿਖਤ ਰਾਹੀਂ ਜ਼ਿਕਰ ਕਰਦੇ ਹਨ ਕਿ ਗੁਰੂ ਨਾਨਕ ਘਰਾਣੇ ਨੇ ਸੰਤ ਗੁਰੂ ਰਵਿਦਾਸ ਜੀ ਦਾ ਨਾਂਅ ਬਹੁਤ ਹੀ ਭਗਤੀ ਭਾਵ ਨਾਲ ਲਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ -

**ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥**

(ਗੁਰੂ ਗ੍ਰੰਥ ਸਾਹਿਬ, ਪੰਨਾ - 1192)

**ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥**

**ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥**

(ਗੁਰੂ ਗ੍ਰੰਥ ਸਾਹਿਬ, ਪੰਨਾ - 1207)

ਸ੍ਰੀ ਧਰੁਵਦਾਸ ਜੀ ਸੁਆਮੀ ਆਪਣੀ ਭਕਤਾਨਾਮਾਵਲੀ ਵਿਚ ਸੰਤ ਪੀਪਾ ਜੀ, ਸੰਤ ਧੰਨਾ ਜੀ, ਸਤਿਗੁਰ ਰਵਿਦਾਸ ਜੀ, ਸਤਿਗੁਰ ਕਬੀਰ ਸਾਹਿਬ ਨੂੰ ਉਚਕੋਟੀ ਦੇ ਸੰਤ ਲਿਖਦੇ ਹਨ :

**ਜਗਤ ਵਿਦਿਤ ਪੀਪਾ, ਧੰਨਾ ਅਰੁ ਰੈਦਾਸ ਕਬੀਰ ॥**

**ਮਹਾਂਪੀਰ, ਦ੍ਰਿੜ ਏਕ ਰਸ, ਭਰੇ ਗ੍ਰਹਿ ਗੰਭੀਰ ॥**

ਸਤਿਗੁਰ ਰਵਿਦਾਸ ਜੀ ਦੀ ਮਹਿਮਾ ਦਾ ਅਸਰ ਸਿਕੰਦਰ ਲੋਧੀ, ਬਾਬਰ 'ਤੇ ਵੀ ਹੋਇਆ, ਜਿਸ ਦੇ ਇਤਿਹਾਸ ਵਿਚ ਅਨੇਕਾਂ ਪ੍ਰਮਾਣ ਹਨ। ਸਤਿਗੁਰ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਅਸਥਾਨ ਸਰਸਈ (ਜੂਨਾਗੜ੍ਹ) ਗੁਜਰਾਤ ਵਿਖੇ ਨੇੜੇ ਹੀ ਸਿਕੰਦਰ ਲੋਧੀ ਦੇ ਦੋ ਜਰਨੈਲ ਨਵਰੰਗ ਸ਼ਾਹ ਅਤੇ ਅਵਰੰਗ ਸ਼ਾਹ ਦੀਆਂ ਕਬਰਾਂ ਹਨ ਜੋ ਗੁਰੂ ਜੀ ਦੀ ਸੇਵਾ ਵਿਚ ਲਗਾਏ ਗਏ ਸਨ।

ਬਾਬਰ ਇਕ ਕੱਟੜ ਸੁੰਨੀ ਮੁਸਲਮਾਨ ਸੀ ਜਿਸਨੇ ਇਸਲਾਮ ਦੇ ਪ੍ਰਚਾਰ ਲਈ ਹਰ ਵਸੀਲਾ ਅਪਣਾਇਆ। ਉਹ ਹਿਮਾਯੂ ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ। ਸਤਿਗੁਰ ਜੀ ਨੇ ਉਸ ਵੱਲੋਂ ਕੀਤੇ ਜ਼ੁਲਮਾਂ ਦੀ ਨਿਖੇਧੀ ਕੀਤੀ ਅਤੇ ਉਸਨੂੰ ਝਿੜਕਿਆ। ਅੰਮ੍ਰਿਤਬਾਣੀ ਸਤਿਗੁਰ ਰਵਿਦਾਸ ਜੀ ਵਿਚ ਉਪਦੇਸ਼ ਦਰਜ ਹੈ -

**ਕਿਉ ਬਾਬਰ ਹੂਆ ਬਾਵਰਾ ਮਨ ਮੇ ਅਧਿਕ ਗੁਮਾਨ।**

**ਕਰੋੜੋਂ ਪ੍ਰਾਨੀ ਮਾਰ ਕਰ ਤੂੰਨੇ ਕੀਆ ਪਾਪ ਮਹਾਨ ॥**

ਬਾਬਰ ਨੂੰ ਗਿਆਨ ਹੋ ਗਿਆ ਅਤੇ ਉਸ ਦੇ ਜੀਵਨ ਵਿਚ ਤਬਦੀਲੀ ਇਸ ਪ੍ਰਕਾਰ ਆ ਗਈ ਅਤੇ ਖੁਦ ਹੀ ਕਹਿਣ ਲੱਗ ਪਿਆ ਕਿ ਅੱਲਾ ਦੀ ਇੱਛਾ ਤੋਂ ਬਗੈਰ ਕੁਝ ਵੀ ਨਹੀਂ ਹੁੰਦਾ। ਸੁਭਾਅ ਦੀ ਤਬਦੀਲੀ ਕਾਰਣ ਹੀ ਦਿੱਲੀ ਅਤੇ ਆਗਰੇ ਦਾ ਸ਼ਾਹੀ ਖਜ਼ਾਨਾ ਲੋਕਾਂ ਵਿਚ ਵੰਡ ਦਿੱਤਾ। ਅਸੀਂ ਉਸ ਮਹਾਨ ਸਤਿਗੁਰ ਦੀ ਸੰਤਾਨ ਹਾਂ। ਅਸੀਂ ਅੱਜ ਵੀ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਨਾਉਣ ਤੋਂ ਸੰਕੋਚ ਕਰ ਰਹੇ ਹਾਂ। ਆਓ ਉਨ੍ਹਾਂ ਦੇ ਪਾਵਨ ਪੁਰਬ 'ਤੇ ਉਨ੍ਹਾਂ ਦੀ ਪਾਵਨ ਬਾਣੀ 'ਤੇ ਚੱਲ ਕੇ ਏਕੇ ਦੀ ਲੜੀ ਵਿਚ ਜੁੜਨ ਦਾ ਪ੍ਰਣ ਕਰੀਏ।

# ਇਕ ਯੋਧਾ ਇਸਤਰੀ


ਮਾਸਟਰ ਰਾਮ ਧਨ ਨਾਂਗਲੂ,
ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
98154-85844



ਸ੍ਰਿਸ਼ਟੀ ਦੀ ਰਚਨਾ ਵਿਚ ਕਈ ਪ੍ਰਕਾਰ ਦੇ ਅਜੂਬੇ ਹਨ ਜਿਵੇਂ ਧਰਤੀ, ਸੂਰਜ, ਤਾਰੇ ਤੇ ਜੀਵ ਆਦਿ। ਇਨ੍ਹਾਂ ਅਜੂਬਿਆਂ ਵਿਚ ਇਕ ਵਚਿੱਤਰ ਅਜੂਬਾ ਹੈ, 'ਇਸਤਰੀ' ਅਤੇ ਇਸਤਰੀਆਂ ਵਿਚ ਸਭ ਤੋਂ ਵੱਧ ਮੋਹਰੀ ਹੈ ਆਦਿ ਸਮਾਜ ਦੀ ਇਸਤਰੀ।

ਆਦਿ ਸਮਾਜ ਦੀ ਇਸਤਰੀ ਵਿਚ ਇਕ ਅਨੋਖਾਪਨ ਹੈ। ਇਹ ਹਰ ਖੇਤਰ ਵਿਚ ਬਾਕੀ ਸਮਾਜ ਦੀਆਂ ਇਸਤ੍ਰੀਆਂ ਨਾਲੋਂ ਜੀਵਨ-ਸੰਘਰਸ਼ ਵੱਧ ਕਰਦੀਆਂ ਹਨ। ਜੀਵਨ ਨਾਲ ਘੁਲਣਾ ਆਦਿ ਸਮਾਜ ਦੀਆਂ ਇਸਤ੍ਰੀਆਂ ਨੂੰ ਵਿਰਸੇ ਵਿਚ ਮਿਲਿਆ ਹੁੰਦਾ ਹੈ। ਇਨ੍ਹਾਂ ਦੀਆਂ ਬਾਹਾਂ ਵਿਚ ਅਤਿ ਦਾ ਬਲ ਹੁੰਦਾ ਹੈ। ਦਿਨ-ਰਾਤ ਖੁਰਪਾ-ਦਾਤਰੀ ਆਦਿ ਚਲਾਉਂਦੀਆਂ ਹਨ। ਇਨ੍ਹਾਂ ਦੇ ਸਿਰ ਪੱਕੀ ਤੇ ਕਰੜੀ ਚਮੜੀ ਦੇ ਬਣੇ ਹੋਏ ਹੁੰਦੇ ਹਨ। ਤਦੇ ਸਾਰਾ ਦਿਨ ਭਾਰ ਢੋਂਹਦੀਆਂ ਹਨ। ਲੱਤਾਂ ਹਨ ਕਿ ਕਾਰਜ ਵਿਚ ਰੁਝੀਆਂ ਸਾਰਾ ਦਿਨ ਚੱਲ ਸੋ ਚੱਲ, ਥੱਕਦੀਆਂ ਨਹੀਂ। ਆਦਿ ਸਮਾਜ ਦੀ ਇਸਤ੍ਰੀ ਗਰੀਬੀ ਨਾਲ ਜੂਝਦੀ ਹੈ, ਫਾਕੇ ਕੱਟਦੀ ਹੈ, ਬੱਚਿਆਂ ਦਾ ਬੋਝ ਝੱਲਦੀ ਹੈ, ਇਸੇ ਲਈ ਬਿਨਾਂ ਸ਼ੱਕ ਇਸ ਨੂੰ 'ਇਕ ਯੋਧਾ ਇਸਤ੍ਰੀ' ਕਿਹਾ ਜਾ ਸਕਦਾ ਹੈ। ਜੀਵਨ ਦੇ ਸੰਘਰਸ਼ ਵਿਚ ਹਰ ਪੜ੍ਹਾਅ 'ਤੇ ਮੱਲਾਂ ਮਾਰਨ ਵਾਲੀ, ਆਪਣੇ ਦੁੱਖ-ਦਲਿੱਦਰ ਨੂੰ ਲਤਾੜਦੀ ਹੋਈ ਅੱਗੇ ਹੀ ਅੱਗੇ ਵਧਣ ਵਾਲੀ ਇਹ ਯੋਧਾ ਇਸਤ੍ਰੀ ਹਾਰੀ ਹੋਈ ਕਿਉਂ ਹੈ? ਕਿਉਂ ਇਸ ਦਾ ਸਮਾਜ ਪੱਛੜਿਆ ਹੋਇਆ ਹੈ? ਗਰੀਬੀ ਇਸ ਦੇ ਹੱਡ ਕਿਉਂ ਭੰਨਦੀ ਹੈ? ਇਸ ਦੇ ਕਈ ਕਾਰਨਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਕਾਰਨ ਹੈ, 'ਅਨਪੜ੍ਹਤਾ'।

ਅਨਪੜ੍ਹਤਾ ਆਦਿ ਸਮਾਜ (ਆਦਿ-ਧਰਮੀ) ਦੀ ਇਸਤਰੀ ਦੇ ਅੱਗੇ ਵਧਣ ਦੇ ਰਾਹ ਦਾ ਰੋੜਾ ਹੈ। ਆਦਿ ਸਮਾਜ ਦੀ ਇਸਤ੍ਰੀ ਕੋਲ ਜੇਕਰ ਅੱਖਰੀ ਗਿਆਨ ਨਹੀਂ ਤਾਂ ਉਸ ਪਾਸ 'ਸੋਝੀ' ਤਾਂ ਹੈ। ਜੀਵਨ ਨਾਲ ਸੰਘਰਸ਼ ਕਰਨ ਦਾ ਸਾਹਸ ਤਾਂ ਹੈ। ਆਪਣੀ ਸੂਝ ਤੇ ਸਾਹਸ ਨੂੰ ਵਰਤ ਕੇ ਆਦਿ ਸਮਾਜ ਦੀ ਮਾਤਾ ਨੂੰ ਆਪਣੇ ਬੱਚਿਆਂ ਨੂੰ ਵਿੱਦਿਆ ਪੜ੍ਹਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਵਿਸ਼ੇਸ਼ ਕਰਕੇ ਬੱਚੀਆਂ ਨੂੰ। ਜਿਸ ਸਮਾਜ ਦੀ ਬੱਚੀ ਪੜ੍ਹ ਗਈ ਸਮਝੋ ਸਾਰਾ ਸਮਾਜ ਪੜ੍ਹ ਗਿਆ। ਫਿਰ ਖੁਸ਼ਹਾਲੀ, ਸਵਤੰਤਰਤਾ ਤੇ ਅਣਖ ਉਸ ਸਮਾਜ ਦੇ ਕਦਮ ਚੁੰਮਣਗੀਆਂ। ਮੇਰੀ ਨਿਮ੍ਰਤਾ ਸਹਿਤ ਆਦਿ ਸਮਾਜ ਦੀਆਂ ਮਾਵਾਂ ਨੂੰ ਬੇਨਤੀ ਹੈ ਕਿ ਉਹ ਯੋਧਾ ਹੁੰਦਿਆਂ ਹੋਇਆਂ ਵੀ ਕਿਉਂ ਹਾਰੀ ਹੋਈ ਹੈ। ਜਿੱਤ ਦੀ ਪ੍ਰਾਪਤੀ ਦਾ ਇਕੋ-ਇਕ ਸਾਧਨ ਹੈ ਆਦਿ ਸਮਾਜ ਦੀਆਂ ਮਾਤਾਵਾਂ ਆਪਣੇ ਬੱਚੇ-ਬੱਚੀਆਂ ਨੂੰ ਵੱਧ ਤੋਂ ਵੱਧ ਵਿਦਿਆ ਦਿਵਾਉਣ। ਇਸੇ ਵਿਚ ਸਮਾਜ ਕਲਿਆਣ ਹੈ।



**ਆਪਣੇ ਸਮਾਜ ਦਾ ਹੱਥ ਫੜ ਕੇ ਚੱਲੋ,
ਦੂਸਰੇ ਲੋਕਾਂ ਦੇ ਪੈਰ ਫੜਨ ਦੀ
ਜ਼ਰੂਰਤ ਨਹੀਂ ਪਵੇਗੀ।**

# ਗੁਰੂ ਰਵਿਦਾਸ ਬਾਣੀ ਵਿਚ ਭਗਵਾਨ ਸ਼ਿਵ ਜੀ ਦਾ ਵਰਨਣ




**ਚਰਨਜੀਤ ਸਿੰਘ ਬਿਨਪਾਲਕੇ**
98148-39944


ਗੁਰਬਾਣੀ ਵਿਚ ਸ਼ਿਵ ਜਾਂ ਸਿਵ ਸ਼ਬਦ ਦੇ ਕਈ ਅਰਥ ਹਨ ਜਿਵੇਂ ਮੁਕਤੀ, ਸੇਵਾ ਕਰਨਾ, ਬੀਜਣਾ, ਸੁਖ, ਸ਼ਾਂਤ ਆਦਿ। ਸਿਵ ਸ਼ਬਦ ਦਾ ਹੋਰ ਅਰਥ ਹੈ ਪਾਰਬ੍ਰਹਮ ਜਿਵੇਂ-"**ਜਹਿ ਦੇਖਾ ਤਹਿ ਰਵਿਰਹੇ ਸਿਵ ਸਕਤੀ ਕਾ ਮੇਲ॥**" ਪ੍ਰੰਤੂ ਇੱਥੇ ਅਸੀਂ ਹਿੰਦੂ ਮੱਤ ਦੇ ਭਗਵਾਨ ਸ਼ਿਵ ਜੀ ਦੀ ਗੱਲ ਕਰਾਂਗੇ। ਹਿੰਦੂ ਮੱਤ ਅਨੁਸਾਰ ਸੰਸਾਰ ਦੇ ਜੀਵਾਂ ਦੀ ਉਤਪਤੀ ਭਗਵਾਨ ਬ੍ਰਹਮਾ ਕਰਦੇ ਹਨ (ਜਿਵੇਂ ਕਿਹਾ ਜਾਂਦਾ ਹੈ ਕਿ ਬ੍ਰਹਮਾ ਦੇ ਮੂੰਹ ਵਿਚੋਂ ਬ੍ਰਾਹਮਣ, ਬਾਹਾਂ ਵਿਚੋਂ ਕਸ਼ੱਤਰੀ, ਪੇਟ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੋਇਆ ਹੈ।) ਜੀਵਾਂ ਦੀ ਪਾਲਣਾ ਭਗਵਾਨ ਵਿਸ਼ਨੂੰ ਕਰਦੇ ਹਨ ਅਤੇ ਸੰਸਾਰੀ ਜੀਵਾਂ ਦਾ ਸੰਘਾਰ ਭਾਵ ਖਤਮ ਕਰਨ ਦੀ ਜ਼ਿੰਮੇਵਾਰੀ ਭਗਵਾਨ ਸ਼ਿਵ ਜੀ ਦੀ ਮੰਨੀ ਗਈ ਹੈ। ਇਸ ਕਰਕੇ ਮੁਰਦਿਆਂ ਨੂੰ ਜਲਾਉਣ ਵਾਲੇ ਸ਼ਮਸ਼ਾਨ ਘਰਾਂ ਨੂੰ ਸਿਵਾ ਜਾਂ ਸ਼ਿਵ ਪੁਰੀ ਵੀ ਕਿਹਾ ਜਾਂਦਾ ਹੈ।

ਕੁਝ ਲੋਕਾਂ ਵੱਲੋਂ ਗੁਰੂ ਰਵਿਦਾਸ ਜੀ ਨੂੰ ਭਗਵਾਨ ਸ਼ਿਵ ਦੇ ਅਵਤਾਰ ਵੀ ਕਿਹਾ ਗਿਆ ਹੈ। ਉਸ ਦਾ ਪਹਿਲਾ ਕਾਰਨ ਇਹ ਹੋ ਸਕਦਾ ਹੈ ਕਿਉਂਕਿ ਗੁਰੂ ਰਵਿਦਾਸ ਬਾਣੀ ਵਿਚ ਭਗਵਾਨ ਸ਼ਿਵ ਜੀ ਦਾ ਕਈ ਵਾਰ ਜ਼ਿਕਰ ਆਇਆ ਹੈ ਅਤੇ ਦੂਸਰਾ ਕਾਰਨ ਕਿ ਗੰਗਾ ਜਿਸ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਇਹ ਭਗਵਾਨ ਸ਼ਿਵ ਜੀ ਦੇ ਸਿਰ ਵਿਚੋਂ ਵਗਦੀ ਹੈ ਪਰ ਗੰਗਾ ਦਾ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਵਿਚ ਕਈ ਵਾਰ ਜ਼ਿਕਰ ਆਉਂਦਾ ਹੈ। ਜਿਵੇਂ ਮਾਤਾ ਗੰਗਾ ਨੇ ਗੁਰੂ ਰਵਿਦਾਸ ਜੀ ਦੀ ਦਮੜੀ ਹੱਥ ਕੱਢ ਕੇ ਪ੍ਰਾਪਤ ਕੀਤੀ, ਗੁਰੂ ਜੀ ਦੀ ਪੱਥਰੀ ਦੇ ਹੇਠਾਂ ਗੰਗਾ ਵਗਦੀ ਸੀ। ਗੁਰੂ ਰਵਿਦਾਸ ਕੁੰਡ ਜੂਨਾਗੜ੍ਹ ਗੁਜਰਾਤ (ਜਿਸ ਦਾ ਪੂਰਾ ਇਤਿਹਾਸ ਇਸ ਸੰਸਥਾ ਨੇ ਆਪਣੇ ਟ੍ਰੈਕਟ ਨੰ: 30 ਵਿਚ ਵਰਨਣ ਕੀਤਾ ਹੈ) ਵਿਚ ਗੰਗਾ ਨੇ ਪ੍ਰਸ਼ਾਦ ਦੀ ਸਮੱਗਰੀ ਦੋਨੋਂ ਹੱਥ ਕੱਢ ਕੇ ਪ੍ਰਾਪਤ ਕੀਤੀ ਸੀ। ਬੇਸ਼ੱਕ ਇਹ ਕਥਾਵਾਂ ਮਿਥਿਹਾਸ ਦੀ ਕਤਾਰ ਵਿਚ ਆਉਂਦੀਆਂ ਹਨ ਪ੍ਰੰਤੂ ਅੱਜ ਤੋਂ 600 ਸਾਲ ਪਹਿਲਾਂ ਜਿਸ ਸਮੇਂ ਅਖੌਤੀ ਸ਼ੂਦਰਾਂ, ਅਛੂਤਾਂ ਨਾਲ ਜਾਤੀ ਭੇਦਭਾਵ ਚਰਮ ਸੀਮਾਂ 'ਤੇ ਸੀ ਉਸ ਸਮੇਂ ਇਨ੍ਹਾਂ ਕਥਾਵਾਂ ਦਾ ਜਨ-ਜਨ ਤੱਕ ਪਹੁੰਚ ਜਾਣਾ ਗੁਰੂ ਰਵਿਦਾਸ ਜੀ ਦੀ ਵੱਡੀ ਮਹਾਨਤਾ ਦਾ ਪ੍ਰਗਟਾਵਾ ਹੈ। ਸੋ ਇਨ੍ਹਾਂ ਦੋ ਪ੍ਰਮੁੱਖ ਕਾਰਨਾਂ ਕਰਕੇ ਗੁਰੂ ਸਾਹਿਬ ਨੂੰ ਭਗਵਾਨ ਸ਼ਿਵ. ਦੇ ਅਵਤਾਰ ਕਿਹਾ ਗਿਆ ਹੈ, ਪ੍ਰੰਤੂ ਗੁਰੂ ਰਵਿਦਾਸ ਜੀ ਦੀ ਬਾਣੀ "**ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ**" ਤਹਿਤ ਬ੍ਰਾਹਮਣੀ ਅਵਤਾਰਵਾਦ ਨੂੰ ਮੁੱਢ ਤੋਂ ਹੀ ਰੱਦ ਕਰਦੀ ਹੈ, ਕਿਉਂਕਿ ਇਸ ਸੰਸਾਰ ਤੇ ਜਨਮ ਲੈਣ ਵਾਲਾ ਹਰ ਮਨੁੱਖ ਹੀ ਅਵਤਾਰ ਹੈ। ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਭਗਵਾਨ ਸ਼ਿਵ ਜੀ ਬਾਰੇ ਲਿਖਦੇ ਹੋਏ ਫਰਮਾਉਂਦੇ ਹਨ:-

**ਹਰਿ ਜਪਤ ਤੇਊ ਜਨਾ ਪਦਮ ਕਵਲਾਸ ਪਤਿ, ਤਾਸ ਸਮ ਤੁਲਿ ਨਹੀ ਆਨ ਕੋਊ॥**
**ਏਕ ਹੀ ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਊ॥**

**(ਗੁਰੂ ਗ੍ਰੰਥ ਸਾਹਿਬ ਪੰਨਾ 1293)**

ਇਸ ਪਾਵਨ ਪੰਕਤੀ ਵਿਚ ਸ਼ਬਦ ਕਵਲਾਸ ਪਤਿ ਜਿਸ ਦਾ ਅਰਥ ਕੈਲਾਸ਼ ਪਰਬਤ ਦਾ ਪਤੀ

ਭਾਵ ਸ਼ਿਵ, ਸ਼ਬਦ ਆਇਆ ਹੈ ਜਿਸ ਤੋਂ ਕਈਆਂ ਨੂੰ ਇਸ ਗੱਲ ਦਾ ਟਪਲਾ ਲੱਗ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ ਸ਼ਾਇਦ ਇਸ ਪੰਕਤੀ ਦੁਆਰਾ ਭਗਵਾਨ ਸ਼ਿਵ ਜੀ ਦੀ ਉਪਮਾ ਕਰ ਰਹੇ ਹਨ ਪ੍ਰੰਤੂ ਪ੍ਰਸਿੱਧ ਸਕਾਲਰ ਪ੍ਰੋ. ਲਾਲ ਸਿੰਘ ਐਡਵੋਕੇਟ ਅਨੁਸਾਰ ਇਸ ਪਾਵਨ ਪੰਕਤੀ ਦਾ ਭਾਵ ਹੈ ਕਿ ਜੋ ਸੇਵਕ ਪ੍ਰਭ ਦਾ ਸਿਮਰਨ ਕਰਦੇ ਹਨ ਉਨ੍ਹਾਂ ਦੇ ਬਰਾਬਰ ਨਾ ਪਦਮਾ ਪਤੀ (ਵਿਸ਼ਨੂੰ), ਨਾ ਕਵਲਾਸ ਪਤੀ (ਸ਼ਿਵ) ਅਤੇ ਨਾ ਹੀ ਆਨ ਕੋਊ ਭਾਵ ਬ੍ਰਹਮਾ ਆਦਿ ਹਨ। ਉਹ ਪਾਰਬ੍ਰਹਮ ਪ੍ਰਭ ਕੇਵਲ ਤੇ ਕੇਵਲ ਇਕ ਹੈ ਅਤੇ ਅਨੇਕਾਂ ਰੂਪ ਧਾਰ ਕੇ ਭਾਵ ਸ੍ਰਿਸ਼ਟੀ ਸਿਰਜ ਕੇ ਉਹ ਆਪ ਹੀ (ਸ੍ਰਿਸ਼ਟੀ ਦੇ) ਘਟ-ਘਟ ਵਿਚ ਵਿਆਪਕ ਹੈ।

ਸ੍ਰੀ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਇਕ ਹੋਰ ਥਾਂ 'ਤੇ ਭਗਵਾਨ ਸ਼ਿਵ ਜੀ ਦਾ ਜ਼ਿਕਰ ਕਰਦੇ ਹਨ, ਗੁਰੂ ਜੀ ਉਥੇ ਸ਼ਬਦ ਉਮਾਪਤਿ ਵਰਤਦੇ ਹਨ। ਉਮਾਪਤਿ ਦਾ ਅਰਥ ਹੈ ਉਮਾ ਦਾ ਪਤੀ ਭਾਵ ਪਾਰਵਤੀ ਦਾ ਪਤੀ ਭਗਵਾਨ ਸ਼ਿਵ।

**ਜਤ ਦੇਖਉ ਤਤ ਦੁਖ ਕੀ ਰਾਸੀ॥ ਅਜੌਂ ਨ ਪਤ੍ਯ੍ਾਇ ਨਿਗਮ ਭਏ ਸਾਖੀ॥**

**ਗੋਤਮ ਨਾਰਿ ਉਮਾਪਤਿ ਸ੍ਵਾਮੀ॥ ਸੀਸੁ ਧਰਨਿ ਸਹਸ ਭਗ ਗਾਂਮੀ॥**

**(ਗੁਰੂ ਗ੍ਰੰਥ ਸਾਹਿਬ ਪੰਨਾ 710)**

ਇਸ ਇਕੋ ਇਕ ਪਾਵਨ ਪੰਕਤੀ ਵਿਚ ਗੁਰੂ ਰਵਿਦਾਸ ਜੀ ਨੇ ਭਗਵਾਨਾਂ, ਦੇਵਤਿਆਂ ਨੂੰ ਇਕ ਆਮ ਮਨੁੱਖ ਵਾਂਗ ਵਿਕਾਰਾਂ ਦੀ ਡੂੰਗੇਰੀ ਤੇ ਤਖੇਰੀ ਮਾਰੂ ਸ਼ਕਤੀ ਵਿਚ ਜਕੜੇ ਹੋਣ ਦੀ ਗੱਲ ਕਰਦਿਆਂ ਵੇਦਾਂ ਦੀਆਂ ਵੱਡੀਆਂ ਸਾਖੀਆਂ ਦਾ ਸੰਖੇਪ ਹਵਾਲਾ ਦਿੰਦਿਆਂ ਮਨੁੱਖ ਨੂੰ ਤਾੜਨਾ ਕੀਤੀ ਹੈ ਕਿ ਦੇਵਤੇ ਅਤੇ ਭਗਵਾਨ ਵੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰਾਂ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ। ਫਿਰ ਇਨ੍ਹਾਂ ਦੀ ਪੂਜਾ ਕਰਨ ਵਾਲਾ ਆਮ ਮਨੁੱਖ ਇਨ੍ਹਾਂ ਵਿਕਾਰਾਂ ਦੀ ਦਲ-ਦਲ ਵਿਚੋਂ ਕਿਵੇਂ ਨਿਕਲ ਸਕਦਾ ਹੈ। ਸਾਖੀ ਦਾ ਸੰਖੇਪ ਵਰਨਣ ਹੈ ਕਿ ਰਿਖੀ ਗੌਤਮ ਦੀ ਪਤਨੀ ਅਹਿਲਿਆ ਨਾਲ ਦੇਵਤਾ ਇੰਦਰ ਨੇ ਵਿਭਚਾਰ ਕੀਤਾ ਤਾਂ ਗੌਤਮ ਦੇ ਸਰਾਪ ਨਾਲ ਇੰਦਰ ਦੇ ਸਰੀਰ ਉਤੇ ਹਜ਼ਾਰਾਂ ਭਗ (ਇਸਤਰੀ ਦੇ ਗੁਪਤ ਅੰਗ) ਹੋ ਗਏ। ਜਦੋਂ ਭਗਵਾਨ ਬ੍ਰਹਮਾ ਕਾਮ ਵਸ ਹੋ ਕੇ ਆਪਣੀ ਹੀ ਧੀ ਉਤੇ ਮੋਹਿਤ ਹੋ ਗਿਆ ਉਹ ਜਿੱਧਰ ਜਾਵੇ ਉੱਧਰ ਆਪਣਾ ਨਵਾਂ ਸਿਰ ਲਗਾਈ ਜਾਵੇ। ਉਸ ਦੀ ਧੀ ਅਸਮਾਨ ਵੱਲ ਉੱਡ ਗਈ ਤਾਂ ਬ੍ਰਹਮਾ ਨੇ ਅਸਮਾਨ ਵੱਲ ਉਪਰ ਸਿਰ ਲਗਾ ਲਿਆ, ਇਹ ਦੇਖ ਕੇ ਭਗਵਾਨ ਸ਼ਿਵ ਨੇ ਕ੍ਰੋਧ ਵਿਚ ਆ ਕੇ ਬ੍ਰਹਮਾ ਦਾ ਉਹ ਸਿਰ ਕੱਟ ਦਿੱਤਾ।

ਇਸੇ ਕਰਕੇ ਗੁਰੂ ਰਵਿਦਾਸ ਜੀ ਆਪਣੇ ਸਲੋਕ ਵਿਚ ਲਿਖਦੇ ਹਨ ਕਿ ਜੋ ਮਨੁੱਖ ਇਕ ਹਰੀ ਪ੍ਰਮਾਤਮਾ ਨੂੰ ਛੱਡ ਕੇ ਕਿਸੇ ਹੋਰ ਭਗਵਾਨਾਂ, ਦੇਵੀ ਦੇਵਤਿਆਂ ਤੋਂ ਮੁਕਤੀ ਦੀ ਆਸ ਰੱਖਦਾ ਹੈ ਉਹ ਕਦੇ ਵੀ ਮੁਕਤ ਨਹੀਂ ਹੋ ਸਕਦਾ।

**ਹਰਿ ਸੋ ਹੀਰਾ ਛਾਡਿ ਕੈ, ਕਰਹਿ ਆਨ ਕੀ ਆਸ॥**

**ਤੇ ਨਰ ਦੋਜਕ ਜਾਹਿਗੇ, ਸਤਿ ਭਾਖੈ ਰਵਿਦਾਸ॥ (ਗੁਰੂ ਗ੍ਰੰਥ ਸਾਹਿਬ ਪੰਨਾ 1377)**

ਗੁਰਬਾਣੀ ਵਿਚ ਹੋਰ ਵੀ ਬਹੁਤ ਸਾਰੀਆਂ ਗਵਾਹੀਆਂ ਮਿਲਦੀਆਂ ਹਨ। ਸਤਿਗੁਰੂ ਨਾਮਦੇਵ ਜੀ ਫੁਰਮਾਉਂਦੇ ਹਨ:-

**ਪਾਂਡੇ ਤੁਮਰਾ ਮਹਾਦੇਉ, ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥**

ਮੋਦੀ ਕੇ ਘਰ ਖਾਣਾ ਪਾਕਾ, ਵਾ ਕਾ ਲੜਕਾ ਮਾਰਿਆ ਥਾ ॥ (ਗੁਰੂ ਗ੍ਰੰਥ ਸਾਹਿਬ ਪੰਨਾ 874)

ਸਿਵ ਸਿਵ ਕਰਤੇ ਜੋ ਨਰੁ ਧਿਆਵੈ ॥ ਬਰਦ ਚਢੇ ਡਉਰੂ ਢਮਕਾਵੈ ॥

(ਗੁਰੂ ਗ੍ਰੰਥ ਸਾਹਿਬ ਪੰਨਾ 874)

ਮੈਲਾ ਬ੍ਰਹਮਾ ਮੈਲਾ ਇੰਦੁ ॥ ਰਵਿ ਮੈਲਾ ਮੈਲਾ ਹੈ ਚੰਦੁ ॥ ੧ ॥

ਮੈਲੇ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ ਭੇਖ ॥

(ਗੁਰੂ ਕਬੀਰ ਜੀ, ਗੁਰੂ ਗ੍ਰੰਥ ਸਾਹਿਬ ਪੰਨਾ 1158)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ, ਵਿਚਿ ਹਉਮੈ ਕਾਰ ਕਮਾਈ ॥

(ਗੁਰੂ ਰਾਮਦਾਸ ਜੀ, ਗੁਰੂ ਗ੍ਰੰਥ ਸਾਹਿਬ ਪੰਨਾ 735)

ਮਹਾਂਦੇਵ ਕੌ ਕਹਿਤ ਸਦਾ ਸਿਵ, ਨਿਰੰਕਾਰ ਕਾ ਚੀਨਤ ਨਹਿ ਭਿਵ ॥

(ਚੌਪਈ ਸਾਹਿਬ, ਗੁਰੂ ਗੋਬਿੰਦ ਸਿੰਘ ਜੀ)

ਸੋ ਗੁਰਬਾਣੀ ਦੀਆਂ ਉਪਰੋਕਤ ਗਵਾਹੀਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਆਪਣੀ ਬਾਣੀ 'ਚ ਭਗਵਾਨ ਸ਼ਿਵ ਜੀ ਦਾ ਵਰਨਣ ਕਰਦਿਆਂ ਇਹ ਦ੍ਰਿੜ ਕਰਾਉਂਦੇ ਹਨ ਕਿ ਮਨੁੱਖੀ ਜੀਵਨ ਦਾ ਮੰਤਵ ਦੇਵੀ ਦੇਵਤਿਆਂ ਜਾਂ ਭਗਵਾਨਾਂ ਦੀ ਪੂਜਾ, ਅਰਚਨਾ ਜਾਂ ਅਰਾਧਨਾ ਕਰਨਾ ਨਹੀਂ ਕੇਵਲ ਇਕ ਕਾਦਰ (ਪਾਰਬ੍ਰਹਮ) ਦੀ ਕੁਦਰਤ ਦੇ ਨੇਮਾਂ ਅਨੁਸਾਰ ਚੱਲ ਕੇ ਸਮੁੱਚੀ ਲੋਕਾਈ ਨੂੰ ਪਿਆਰ ਕਰਨਾ ਅਤੇ ਕੇਵਲ ਤੇ ਕੇਵਲ ਉਸ ਪ੍ਰਮਾਤਮਾ ਦੇ ਸਿਮਰਨ ਵਿਚ ਜੁੜਨਾ ਹੈ।




# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ-5



**ਬਖਸ਼ੀ ਰਾਮ ਦਰਾਵਾਂ, ਪਿੰਡ ਦਰਾਵਾਂ (ਆਦਮਪੁਰ), ਜ਼ਿਲ੍ਹਾ ਜਲੰਧਰ**
**ਮੋਬਾਈਲ - 88726-92300**

**ਲੈਵੀ** - ਚਾਚੀ ਜੀ ਜੈ ਗੁਰੂਦੇਵ!

**ਚਾਚੀ** - ਧੰਨ ਗੁਰੂਦੇਵ! ਲੈਵੀ ਕੀ ਹੋਇਆ ਅੱਜ ਤੂੰ ਐਸ ਵੇਲੇ ਕਾਲਜ ਤੋਂ ਆ ਰਹੀ ਹੈਂ?

**ਲੈਵੀ** - ਚਾਚੀ ਜੀ ਕਾਲਜ ਤੋਂ ਤਾਂ ਮੈਂ ਸਮੇਂ ਸਿਰ ਹੀ ਆ ਗਈ ਸੀ ਪਰ ਤੁਹਾਨੂੰ ਪਤਾ ਨਹੀਂ ਕਿ ਅੱਜ 6 ਦਸੰਬਰ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਹੈ? ਕੱਲ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਬਿਨਪਾਲਕੇ ਵਾਲਿਆਂ ਨੇ ਵਟਸ ਐਪ 'ਤੇ ਇਹ ਮੈਸਜ ਲਾਇਆ ਸੀ ਕਿ ਭੋਗਪੁਰ ਵਿਚ ਡਾ: ਅੰਬੇਡਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਮਨਾਇਆ ਜਾਣਾ ਹੈ ਸੋ ਜਿਹੜਾ ਵੀ ਇਨਸਾਨ ਭਾਰਤੀ ਮੂਲਵਾਸੀ ਧਾਰਮਿਕ ਰਹਿਬਰਾਂ ਅਤੇ ਡਾ: ਅੰਬੇਡਕਰ ਜੀ ਨੂੰ ਪਿਆਰ ਕਰਦਾ ਹੈ ਉਹ ਬਾਬਾ ਸਾਹਿਬ ਦੀ ਫੋਟੋ ਅੱਗੇ ਇਕ ਕੈਂਡਲ ਜ਼ਰੂਰ ਜਗਾ ਕੇ ਜਾਵੇ। ਮੈਂ ਇਸ ਪ੍ਰੀ-ਨਿਰਵਾਣ ਦਿਵਸ

ਸਮਾਗਮ 'ਤੇ ਕੈਂਡਲ ਜਗਾਉਣ ਚਲੀ ਗਈ ਸੀ।

**ਚਾਚੀ** - ਹਾਂ ਲੈਵੀ ! ਇਹ ਗੱਲ ਤਾਂ ਬਹੁਤ ਵਧੀਆ ਕੀਤੀ ਗਈ ਹੈ ਕਿ ਪ੍ਰੀ-ਨਿਰਵਾਣ ਦਿਵਸ 'ਤੇ ਹਰ ਬੰਦਾ ਇਕ ਕੈਂਡਲ ਜਗਾ ਕੇ ਬਾਬਾ ਸਾਹਿਬ ਨੂੰ ਸ਼ਰਧਾਂਜਲੀ ਦੇਵੇ ਅਤੇ ਨਾਲ ਹੀ ਇਕੱਠੇ ਹੋ ਕੇ ਬਾਬਾ ਸਾਹਿਬ ਦੇ ਵਿਚਾਰਾਂ ਦੀ ਗੱਲ ਵੀ ਕੀਤੀ ਜਾਵੇ।

**ਲੈਵੀ** - ਚਾਚੀ ਜੀ ! ਮੈਨੂੰ ਤਾਂ ਬੜਾ ਚੰਗਾ ਲੱਗਾ ਕਿਉਂਕਿ ਸਾਡੇ ਗਰੀਬ ਸਮਾਜ ਕੋਲ ਵੱਡੇ-ਵੱਡੇ ਸਮਾਗਮ ਕਰਨ ਲਈ ਪੈਸੇ ਦੀ ਵੀ ਥੁੜ ਆ। ਇਸ ਸਾਦੇ ਪਰ ਅਰਥ ਭਰਪੂਰ ਸੁਚੱਜੇ ਸਮਾਗਮ 'ਤੇ ਖਰਚਾ ਬੜਾ ਘੱਟ ਆਇਆ, ਨਾਲੇ ਸਮਾਂ ਵੀ ਬਹੁਤ ਘੱਟ ਸਿਰਫ 2 ਘੰਟੇ ਲੱਗਾ। ਕੇਵਲ ਸ਼ਾਮ 5:00 ਤੋਂ 7:00 ਤੱਕ ਦਾ ਸਮਾਂ ਹੀ ਸੀ।

**ਚਾਚੀ** - ਹਾਂ ਲੈਵੀ ! ਜਦੋਂ ਅਸੀਂ ਹਜ਼ਾਰਾਂ ਰੁਪਏ ਖਰਚ ਕੇ ਵੱਡੇ-ਵੱਡੇ ਸਮਾਗਮ ਕਰਦੇ ਹਾਂ ਤਾਂ ਉਥੇ ਵੀ ਤਾਂ ਮਿਸ਼ਨ ਦੀ ਗੱਲ-ਬਾਤ 2-3 ਘੰਟੇ ਹੀ ਹੁੰਦੀ ਹੈ। ਇਹ ਤਾਂ ਥੋੜਾ ਖਰਚਾ ਬਹੁਤੀ ਖੱਟੀ ਵਾਲੀ ਗੱਲ ਹੈ। ਅਜਿਹੇ ਸਮਾਗਮ ਸਾਨੂੰ ਹਰੇਕ ਗਲੀ ਮਹੱਲੇ ਵਿਚ ਕਰਨੇ ਚਾਹੀਦੇ ਹਨ।

**ਲੈਵੀ** - ਚਾਚੀ ! ਉਥੇ ਬੱਚਿਆਂ ਨੇ ਡਾ. ਅੰਬੇਡਕਰ ਜੀ ਦੀ ਫੋਟੋ ਅੱਗੇ ਬੜੇ ਉਤਸ਼ਾਹ ਅਤੇ ਸ਼ਰਧਾ ਨਾਲ ਮੋਮਬੱਤੀਆਂ ਜਗਾਈਆਂ। ਸਮਾਗਮ ਵਿਚ ਡਾ. ਅੰਬੇਡਕਰ ਚੇਤਨਾ ਮੰਚ ਭੋਗਪੁਰ ਵਾਲਿਆਂ ਨੇ ਐਲਾਨ ਕੀਤਾ ਕਿ ਅਗਲੇ ਸਾਲ ਇਸ ਤਰੀਕੇ ਨਾਲ ਬਾਬਾ ਸਾਹਿਬ ਦਾ ਪ੍ਰੀ-ਨਿਰਵਾਣ ਦਿਵਸ ਸਮਾਗਮ ਮੰਚ ਵਲੋਂ ਭੋਗਪੁਰ ਦੇ 50 ਪਿੰਡਾਂ ਵਿਚ ਮਨਾਇਆ ਜਾਵੇਗਾ।

**ਚਾਚੀ** - ਲੈਵੀ ! ਅਜਿਹੀਆਂ ਨਵੀਆਂ ਪਰੰਪਰਾਵਾਂ ਨਾਲ ਬੱਚੇ ਅਤੇ ਨੌਜਵਾਨ ਬਾਬਾ ਸਾਹਿਬ ਨਾਲ ਜੁੜਨਗੇ ਅਤੇ ਉਨ੍ਹਾਂ ਦਾ ਗਿਆਨ ਹਾਸਲ ਕਰਨ ਵੱਲ ਪ੍ਰੇਰਿਤ ਹੋਣਗੇ। ਨਾਲੇ ਹੁਣ ਜੇਕਰ ਅਸੀਂ ਆਪਣੇ ਸਮਾਜ ਨੂੰ ਰੂੜੀਵਾਦੀ ਪਰੰਪਰਾਵਾਂ ਨੂੰ ਛੱਡਣ ਲਈ ਕਹਾਂਗੇ ਤਾਂ ਉਨ੍ਹਾਂ ਨੂੰ ਕਿਸੇ ਪਾਸੇ ਜੋੜਨਾ ਵੀ ਤਾਂ ਹੈ । ਇਸ ਵਾਸਤੇ ਨਵੀਆਂ ਅਤੇ ਚੰਗੀਆਂ ਪਰੰਪਰਾਵਾਂ ਵੀ ਚਲਾਉਣੀਆਂ ਚਾਹੀਦੀਆਂ ਹਨ।

**ਲੈਵੀ** - ਚਾਚੀ ! ਉਥੇ ਬੁਲਾਰੇ ਕਹਿ ਰਹੇ ਸਨ ਕਿ ਬਾਬਾ ਸਾਹਿਬ ਨੇ ਇਸ ਗੱਲ ਦਾ ਐਲਾਨ ਕੀਤਾ ਕਿ ਮੈਂ ਹਿੰਦੂ ਧਰਮ ਵਿਚ ਪੈਦਾ ਹੋਇਆਂ ਇਹ ਮੇਰੇ ਵੱਸ ਵਿਚ ਨਹੀਂ ਸੀ ਪਰ ਮੈਂ ਹਿੰਦੂ ਮਰਾਂਗਾ ਨਹੀਂ ਇਹ ਮੇਰੇ ਵੱਸ ਵਿਚ ਹੈ। ਉਨ੍ਹਾਂ ਦੱਸਿਆ ਕਿ ਭਾਰਤ ਦੇ ਮੂਲ ਵਾਸੀ ਲੋਕਾਂ ਦੀ ਗੁਲਾਮੀ, ਲਾਚਾਰੀ, ਗਰੀਬੀ ਦਾ ਮੁੱਖ ਕਾਰਨ ਆਰੀਆ ਲੋਕਾਂ ਦਾ ਭਾਰਤ ਨੂੰ ਹਥਿਆਉਣਾ ਹੈ ਜਿਸ ਨੂੰ ਸਦੀਵੀ ਕਾਇਮ ਰੱਖਣ ਲਈ ਵਰਣਵਾਦ, ਬ੍ਰਾਹਮਣਵਾਦ, ਮੰਨੂਵਾਦ ਪੈਦਾ ਕੀਤਾ ਗਿਆ।

**ਚਾਚੀ** - ਹਾਂ ਲੈਵੀ ! ਸਾਡੀ ਦੁਰਦਸ਼ਾ ਦਾ ਮੁੱਖ ਕਾਰਣ ਬ੍ਰਾਹਮਣੀ, ਮੰਨੂਵਾਦੀ ਸਿਸਟਮ ਹੀ ਹੈ। ਇਹੀ ਕਾਰਣ ਹੈ ਕਿ ਆਰੀਆ ਲੋਕਾਂ ਦੇ ਆਉਣ ਤੋਂ ਲੈ ਕੇ ਹੁਣ ਤੱਕ ਭਾਰਤ ਦੇ ਜਿੰਨੇ ਵੀ ਧਾਰਮਿਕ ਅਤੇ ਸਮਾਜਿਕ ਮੂਲਵਾਸੀ ਰਹਿਬਰ ਹੋਏ ਹਨ ਉਨ੍ਹਾਂ ਦੀ ਪ੍ਰਮੁੱਖ ਲੜਾਈ ਮੰਨੂਵਾਦੀ ਸਿਸਟਮ ਨਾਲ ਹੀ ਰਹੀ ਹੈ। ਇਨ੍ਹਾਂ ਮਹਾਨ ਰਹਿਬਰਾਂ ਦੀ ਬਾਣੀ ਤੇ ਵਿਚਾਰਧਾਰਾ ਵਿਸ਼ਵ ਪੱਧਰ ਦੀ ਹੈ। ਪ੍ਰੰਤੂ ਅਫਸੋਸ ਕਿ ਇਨ੍ਹਾਂ ਦੀ ਜ਼ਿੰਦਗੀ ਦਾ ਬਹੁਤਾ ਸਮਾਂ ਭਾਰਤ ਵਿਚ ਮੰਨੂਵਾਦ ਦੇ ਖਿਲਾਰੇ ਉਚ-ਨੀਚ, ਜਾਤ-ਪਾਤ, ਛੂਆ-ਛਾਤ ਦੇ ਗੰਦ ਨੂੰ ਸਾਫ ਕਰਨ ਵਿਚ ਲੱਗਾ। ਜੇਕਰ ਭਾਰਤ ਵਿਚ ਅਜਿਹਾ ਗੰਦ ਨਾ ਹੁੰਦਾ ਤਾਂ ਇਨ੍ਹਾਂ ਰਹਿਬਰਾਂ ਨੇ ਸੰਸਾਰ ਨੂੰ ਹੋਰ ਵੀ ਬਹੁਤ ਸਾਰਾ ਗਿਆਨ ਦੇ ਕੇ ਜਾਣਾ ਸੀ।

**ਲੈਵੀ** - ਚਾਚੀ ! ਕੀ ਇਨ੍ਹਾਂ ਨੇ ਸਾਡੇ ਰਹਿਬਰਾਂ ਨਾਲ ਵੀ ਲੜਾਈਆਂ ਝਗੜੇ ਕੀਤੇ।

**ਚਾਚੀ** - ਹਾਂ ਲੈਵੀ ! ਤੂੰ ਸਤਿਗੁਰੂ ਨਾਮਦੇਵ ਜੀ ਦੇ ਜੀਵਨ ਸੰਘਰਸ਼ ਨੂੰ ਪੜ੍ਹ ਕਿ ਕਿਵੇਂ ਉਨ੍ਹਾਂ ਨੂੰ ਮੰਦਿਰ ਵਿਚ ਪ੍ਰਵੇਸ਼ ਕਰਨ 'ਤੇ ਬ੍ਰਾਹਮਣਾਂ, ਪੰਡਿਤਾਂ ਨੇ ਉਨ੍ਹਾਂ ਨੂੰ ਧੱਕੇ ਮਾਰ ਕੇ ਮੰਦਰ ਵਿਚੋਂ ਬਾਹਰ ਕੱਢਿਆ।

ਸਤਿਗੁਰੂ ਰਵਿਦਾਸ ਜੀ ਦਾ ਪੂਰਾ ਜੀਵਨ ਬ੍ਰਾਹਮਣਾਂ ਦੇ ਨਾਲ ਸੰਘਰਸ਼ ਰਿਹਾ। ਚਮਾਰ ਜਾਤੀ ਦੇ ਹੋਣ ਕਾਰਨ ਬ੍ਰਾਹਮਣਾਂ ਨੇ ਥਾਂ-ਥਾਂ 'ਤੇ ਉਨ੍ਹਾਂ ਨੂੰ ਭੰਡਿਆ ਅਤੇ ਨਫਰਤ ਕੀਤੀ।

ਸਤਿਗੁਰੂ ਕਬੀਰ ਜੀ ਨੂੰ ਬ੍ਰਾਹਮਣਾਂ ਨੇ ਕਦੇ ਸੰਗਲਾਂ ਨਾਲ ਬੰਨ ਕੇ ਖੂਨੀ ਹਾਥੀ ਅੱਗੇ ਸੁਟਿਆ, ਕਦੇ ਉਨ੍ਹਾਂ ਨੂੰ ਪਾਣੀ ਵਿਚ ਡੋਬਣ ਦਾ ਯਤਨ ਕੀਤਾ।

ਲੈਵੀ ! ਇਸੇ ਤਰ੍ਹਾਂ ਸਤਿਗੁਰੂ ਤ੍ਰਿਲੋਚਨ, ਸਤਿਗੁਰੂ ਸਧਨਾ, ਸਤਿਗੁਰੂ ਸੈਨ, ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਬਹੁਤਾ ਸੰਘਰਸ਼ ਬ੍ਰਾਹਮਣੀ ਜ਼ੁਲਮਾਂ, ਧਾਰਮਿਕ ਅਡੰਬਰਾਂ, ਕਰਮ-ਕਾਂਡਾਂ ਅਤੇ ਰੀਤੀ ਰਿਵਾਜਾਂ ਦੇ ਵਿਰੁੱਧ ਰਿਹਾ ਹੈ।

**ਲੈਵੀ** - ਹਾਂ ਚਾਚੀ ! ਇਨ੍ਹਾਂ ਸਾਰੇ ਰਹਿਬਰਾਂ ਨੇ ਆਪਣੀ ਬਾਣੀ ਵਿਚ ਪ੍ਰਭ ਦੇ ਗਿਆਨ ਦੇ ਨਾਲ-ਨਾਲ ਬ੍ਰਾਹਮਣੀ ਸਿਸਟਮ ਨੂੰ ਵੀ ਰੱਦ ਕੀਤਾ ਹੈ।

**ਚਾਚੀ** - ਲੈਵੀ ! ਜੇਕਰ ਤੂੰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਕਾਰਨਾਂ ਨੂੰ ਘੋਖੇਂਗੀ ਤਾਂ ਇਨ੍ਹਾਂ ਸ਼ਹੀਦੀਆਂ ਦਾ ਪ੍ਰਮੁੱਖ ਕਾਰਨ ਕੇਵਲ ਮੁਗਲਾਂ ਦਾ ਜ਼ੁਲਮ ਹੀ ਨਹੀਂ ਸੀ, ਸਗੋਂ ਇਸ ਦਾ ਕਾਰਨ ਮਨੂੰਵਾਦ, ਬ੍ਰਾਹਮਣਵਾਦ ਵੀ ਸੀ। ਲੈਵੀ ਕੀ ਤੂੰ ਦੱਸ ਸਕਦੀ ਹੈਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿੰਨੀਆਂ ਅਤੇ ਕਿੰਨ੍ਹਾਂ ਨਾਲ ਲੜਾਈਆਂ ਲੜੀਆਂ।

**ਲੈਵੀ** - ਹਾਂ ਚਾਚੀ ! ਗੁਰੂ ਜੀ ਨੇ 14 ਲੜਾਈਆਂ ਲੜੀਆਂ ਜਿਸ ਵਿਚ 1 (ਇਕ) ਲੜਾਈ ਮੁਗਲਾਂ ਨਾਲ ਅਤੇ 13 ਲੜਾਈਆਂ ਪਹਾੜੀ ਰਾਜਿਆਂ ਨਾਲ।

**ਚਾਚੀ** - ਕੀ ਕਦੇ ਕਿਸੇ ਨੇ ਇਹ ਦੱਸਿਆ ਕਿ ਇਹ ਪਹਾੜੀ ਰਾਜੇ ਕੌਣ ਸਨ ਤੇ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਯੁੱਧ ਕਿਉਂ ਕੀਤੇ?

**ਲੈਵੀ** - ਚਾਚੀ ! ਸਾਡੇ ਦੇਸ਼ ਉਤੇ ਵਿਦੇਸ਼ੀ ਹਮਲਾਵਰ ਮੁਗਲਾਂ ਦਾ ਕਬਜ਼ਾ ਸੀ। ਪਹਾੜੀ ਰਾਜਿਆਂ ਨੂੰ ਤਾਂ ਸਗੋਂ ਮੁਗਲਾਂ ਨਾਲ ਲੜਨਾ ਚਾਹੀਦਾ ਸੀ।

**ਚਾਚੀ** - ਪਹਾੜੀ ਰਾਜੇ ਮੰਨੂਵਾਦੀ ਬ੍ਰਾਹਮਣ ਸਨ। ਇਨ੍ਹਾਂ ਨੂੰ ਮੁਗਲਾਂ ਦੀ ਗੁਲਾਮੀ ਤਾਂ ਮੰਨਜ਼ੂਰ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਜੋ ਬ੍ਰਾਹਮਣਵਾਦੀ ਸਿਸਟਮ ਨੂੰ ਖਤਮ ਕਰਨਾ ਚਾਹੁੰਦੇ ਸਨ ਉਹ ਇਨ੍ਹਾਂ ਨੂੰ ਮੰਨਜ਼ੂਰ ਨਹੀਂ ਸੀ। ਅੰਮ੍ਰਿਤ ਛਕਣ ਵੇਲੇ ਵੀ ਮੰਨੂਵਾਦੀ ਬ੍ਰਾਹਮਣ ਆਪਣੇ ਲਈ ਅੰਮ੍ਰਿਤ ਦਾ ਵੱਖਰਾ ਬਾਟਾ ਤਿਆਰ ਕਰਨ ਲਈ ਕਹਿੰਦੇ ਆਏ ਹਨ।

**ਲੈਵੀ** - ਚਾਚੀ ! ਸਾਡੇ ਰਹਿਬਰ ਹਜ਼ਾਰਾਂ ਸਾਲਾਂ ਤੋਂ ਬ੍ਰਾਹਮਣਵਾਦ ਨਾਲ ਲੜਦੇ ਆਏ ਹਨ। ਬ੍ਰਾਹਮਣਾਂ ਨੇ ਸਾਡੇ ਰਹਿਬਰਾਂ ਨੂੰ ਥਾਂ-ਥਾਂ 'ਤੇ ਅਪਮਾਨਿਤ ਕੀਤਾ ਹੈ, ਸਾਡੇ ਰਹਿਬਰਾਂ ਨੂੰ ਸ਼ਹੀਦ ਕਰਾਇਆ ਹੈ ਪ੍ਰੰਤੂ ਫਿਰ ਵੀ ਅਸੀਂ ਕਿੰਨੇ ਅਕ੍ਰਿਤਘਣ ਹਾਂ ਕਿ ਅੱਜ ਵੀ ਅਸੀਂ ਬ੍ਰਾਹਮਣੀ ਦੇਵੀ-

ਦੇਵਤਿਆਂ, ਭਗਵਾਨਾਂ ਦੀ ਜੈ ਜੈ ਕਾਰ ਕਰਦੇ ਆ ਰਹੇ ਹਾਂ। ਦੁਸਹਿਰਾ, ਦੀਵਾਲੀ, ਲੋਹੜੀ, ਰੱਖੜੀ ਆਦਿ ਤਿਉਹਾਰ ਮਨਾਉਂਦੇ ਆ ਰਹੇ ਹਾਂ। ਵਰਤ, ਜੋਤਸ਼, ਪੱਤਰੀਆਂ, ਪੰਚਕਾਂ, ਕੰਜਕਾਂ ਪੂਜਦੇ ਹਾਂ।

ਚਾਚੀ - ਹਾਂ ਲੈਵੀ ! ਪ੍ਰੰਤੂ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਸਾਡਾ ਅਕ੍ਰਿਤਘਣਾਂ ਦਾ ਚਿਤਰਣ ਬੜਾ ਖ਼ੂਬ ਚਿਤਰਿਆ ਹੈ ਕਿ ਇਸ ਧਰਤੀ ਨੂੰ ਅਸਮਾਨ ਨਾਲ ਖਹਿੰਦੇ ਪਰਬਤ, ਕਿਲੇ, ਸਮੁੰਦਰ, ਨਾਲੇ, ਨਦੀਆਂ, ਜੀਵ ਜੰਤੂ ਤੇ ਬਨਾਸਪਤੀ ਆਦਿ ਭਾਰੇ ਨਹੀਂ ਲਗਦੇ। ਜੇਕਰ ਧਰਤੀ ਨੂੰ ਭਾਰ ਲਗਦਾ ਹੈ ਤਾਂ ਭਾਰੇ ਭੁਇੰ ਅਕ੍ਰਿਤਘਣ ਮੰਦੀ ਹੂ ਮੰਦੇ ਭਾਵ ਉਨ੍ਹਾਂ ਆਕ੍ਰਿਤਘਣਾਂ ਦਾ ਭਾਰ ਲਗਦਾ ਹੈ ਜਿਹੜੇ ਮੰਦਿਆਂ ਨਾਲੋਂ ਵੀ ਮੰਦੇ ਹਨ।

ਲੈਵੀ - ਪਰ ਚਾਚੀ। ਮੈਂ ਅਕ੍ਰਿਤਘਣ ਨਹੀਂ ਬਣਨਾ, ਮੈਂ ਅੱਜ ਤੋਂ ਹੀ ਉਨ੍ਹਾਂ ਤਿਓਹਾਰਾਂ, ਗੀਤਾਂ, ਕਰਮ-ਕਾਂਡਾਂ ਤੇ ਅਡੰਬਰਾਂ ਦਾ ਬਿਲਕੁਲ ਤਿਆਗ ਕਰਨ ਦਾ ਪ੍ਰਣ ਕਰਦੀ ਹਾਂ ਜਿਨ੍ਹਾਂ ਵਿਰੁੱਧ ਮੇਰੇ ਰਹਿਬਰਾਂ ਨੇ ਐਨਾ ਸੰਘਰਸ਼ ਕੀਤਾ ਹੈ। ਮੈਂ ਆਪਣੇ ਰਿਸ਼ਤੇਦਾਰਾਂ ਅਤੇ ਸਹੇਲੀਆਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਾਂਗੀ। ਚੰਗਾ ਚਾਚੀ ! ਜੈ ਗੁਰੂਦੇਵ !

ਚਾਚੀ - ਧੰਨ ਗੁਰੂਦੇਵ ! ਲੈਵੀ।

# Shri Guru Ravidass Ji's Begumpura - A State without Fear and Sorrows



**Prem K. Chumber (Editor-in-Chief)**
**www.ambedkartimes.com & www.deshdoaba.com.**

Dhan Dhan Sahib Shri Guru Ravidass Ji Maharaj, whose 642 birth anniversary is being celebrated throughout the world, was a great saint Guru of medieval Bhakti movement of North India. He belonged to the lowest of the low castes in India whose touch used to be considered polluting to the Savarnas. He opened a frontal attack against the system of Untouchability. He rejected the tradition of Brahmin mediator to reach the Supreme Being. He became a model for his fellow beings to overcome the hierarchical barriers of Brahminical Social Order and to establish Begumpura - a state without fear and sorrows. Shri Guru Ravidass elevated the status of the labour by emphasizing on the fact that honest labour is empowering. He completely rejected the concept of living on charity or miraculous wealth obtained by Paras.

By defeating the famous Kashi Pundits in a formally organized Shastrartha, Shri Guru Ravidass Ji proved that merit is not the fiefdom of so called upper castes alone. Everybody is capable of worshipping Him (Almighty). The fourfold division of Hindu society is a big lie and a

trick to make and keep a large section of the Indian society under the cruelty and control of the few in the name of purity-pollution principle made by the so-called Brahmins. It is against this very system of religiously sanctified social differentiation that Sahib Shri Guru Ravidass Ji envisioned establishing a state where there would be no place for untouchability and social oppression.

For the social transformation of the society, Sahib Shri Guru Ravidass ji laid emphasis on labour, compassion, virtue, prohibition of alcohol and all bad deeds. He also reiterated on the urgent need of remembering the formless God whom he addressed by varied names. Some scholars are of the view that Guru Ravidass did not form an organization nor he launched any consistent and systematic agitation against the system of untouchability. This is true but to raise a loud voice at his times was no less than a clarion call to dismantle the unjust system of Brahminical social order. It is also true that the path told by him has become the beacon light for the Moolnivasi movement in the country and abroad.

Ambedkar Times & Desh Doaba weekly newspapers congratulate its readers, contributors supporters and well-wishers on the auspicious day of February 19, 2019, the birthday (Gurpurab) of Dhan Dhan Sahib Shri Guru Ravidass Ji Maharaj Posted at www.ambedkartimes.com & www.deshdoaba.com.


ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਮਾਇਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਤੁਸੀਂ ਭੇਟਾ ਚੈੱਕ, ਮਨੀਆਰਡਰ, ਬੈਂਕ ਡਰਾਫ਼ਟ ਜਾਂ ਮੋਬਾਇਲ ਫ਼ੋਨ ਪੈਸਾ ਟ੍ਰਾਂਸਫਰ ਜ਼ਰੀਏ ਸੰਸਥਾ ਦੇ ਅਕਾਊਂਟ ਵਿਚ ਭੇਜ ਸਕਦੇ ਹੋ।

# SRI GURU RAVIDASS MISSION PARCHAR SANSTHA PUNJAB (Regd.)

**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

## ਸਤਿਗੁਰ ਪਿਆਰਾ



ਉਹਨੇ ਹੋਰ ਸਹਾਰੇ ਕੀ ਕਰਨੇ,
ਜਿਹਨੂੰ ਤੇਰਾ ਸਹਾਰਾ ਮਿਲ ਜਾਵੇ।
ਉਹਨੇ ਹੋਰ ਪਿਆਰੇ ਕੀ ਕਰਨੇ,
ਜਿਹਨੂੰ ਸਤਿਗੁਰ ਪਿਆਰਾ ਮਿਲ ਜਾਵੇ।
ਮੇਰਾ ਸਤਿਗੁਰ ਕਾਂਸੀ ਵਾਲਾ ਜੋ,
ਵਿਗੜੇ ਹੋਏ ਕਾਰਜ ਸੰਵਾਰ ਦੇਵੇ।
ਬਾਂਹ ਫੜ ਕੇ ਦੁਖੀ ਨਿਮਾਣਿਆਂ ਦੀ,
ਕਰ ਭਵ ਸਾਗਰ ਤੋਂ ਪਾਰ ਦੇਵੇ।
ਉਹਨੇ ਹੋਰ ਦੀਦਾਰੇ ਕੀ ਕਰਨੇ,
ਜਿਹਨੂੰ ਤੇਰਾ ਦੀਦਾਰਾ ਮਿਲ ਜਾਵੇ।
ਉਹਨੇ ਹੋਰ ਸਹਾਰੇ ਕੀ ਕਰਨੇ,
ਜਿਹਨੂੰ ਤੇਰਾ ਸਹਾਰਾ ਮਿਲ ਜਾਵੇ।
ਜਿਹਨੂੰ ਨਾਮ ਦੀ ਰੰਗਤ ਚੜ੍ਹ ਜਾਵੇ,
ਉਹਦਾ ਗੇੜ 84 ਮੁੱਕ ਜਾਂਦਾ।
ਉਹਦੀ ਹਰ ਕੋਈ ਬਿਪਤਾ ਝੜ ਜਾਵੇ,
ਜਿਹੜਾ ਚਰਨਾਂ ਦੇ ਵਿਚ ਝੁਕ ਜਾਂਦਾ।
ਉਹਨੇ ਹੋਰ ਭੰਡਾਰੇ ਕੀ ਕਰਨੇ,
ਜਿਹਨੂੰ ਤੇਰਾ ਭੰਡਾਰਾ ਮਿਲ ਜਾਵੇ।
ਉਹਨੇ ਹੋਰ ਪਿਆਰੇ ਕੀ ਕਰਨੇ,
ਜਿਹਨੂੰ ਸਤਿਗੁਰ ਪਿਆਰਾ ਮਿਲ ਜਾਵੇ।
ਤੱਕ ਲਿਆ ਭਰੋਸਾ ਸਤਿਗੁਰ ਦਾ,
ਹੋਰ ਕਿਤੇ ਜਾਣ ਦੀ ਲੋੜ ਨਹੀਂ।
ਤਾਹੀਓਂ ਤਾਂ ਮਹਿੰਦਰ ਸੰਧੂ ਨੂੰ,
ਰਹੀ ਕਿਸੇ ਗੱਲ ਦੀ ਥੋੜ ਨਹੀਂ।
ਉਹਨੇ ਹੋਰ ਕਿਨਾਰੇ ਕੀ ਕਰਨੇ,
ਜਿਹਨੂੰ ਤੇਰਾ ਕਿਨਾਰਾ ਮਿਲ ਜਾਵੇ।
ਉਹਨੇ ਹੋਰ ਪਿਆਰੇ ਕੀ ਕਰਨੇ,
ਜਿਹਨੂੰ ਸਤਿਗੁਰ ਪਿਆਰਾ ਮਿਲ ਜਾਵੇ।

**ਮਹਿੰਦਰ ਸੰਧੂ, ਮਹੇੜੂ**
**ਮੋ. 98722-29073**

## ਜਾਗੋ



ਦੁਨੀਆਂ ਵਾਲਿਓ ਸੁਣੋ ਕਹਾਣੀ
ਇਹ ਦੁਨੀਆਂ ਇਕ ਰਾਤ ਦੀ ਰਾਣੀ
ਇਸ ਜੱਗ ਤੋਂ ਮੰਗਿਆ ਸੀ ਪਿਆਰ
ਪੱਲੇ ਪਈ ਦੁੱਖਾਂ ਦੀ ਬੁਛਾਰ।
ਇਹ ਦੁਨੀਆਂ ਮੈਨੂੰ ਰਾਸ ਨਾ ਆਈ
ਦਿੰਦੀ ਰਹੀ ਇਹ ਦੁੱਖ ਜੁਦਾਈ।
ਬਣੀ ਹੈ ਇਥੇ ਆਉਣੀ ਜਾਣੀ।
ਦੁਨੀਆਂ ਵਾਲਿਓ ਸੁਣੋ ਕਹਾਣੀ।

ਮਤਲਬ ਲਈ ਹਰ ਮਗਰੂਰ ਹੋਏ ਨੇ
ਗਰਜਾਂ ਸਾਰ ਕੇ ਦੂਰ ਹੋਏ ਨੇ।
ਰਿਸ਼ਤਿਆਂ ਲਈ ਬੜੇ ਦੁੱਖ ਸਹਾਰੇ
ਪਰ ਇਹ ਰਿਸ਼ਤੇ ਹੋਏ ਨਿਆਰੇ
ਪੜੀ ਗਮਾਂ ਦੀ ਤੰਬੂ ਤਾਣੀ
ਦੁਨੀਆਂ ਵਾਲਿਓ ਸੁਣੋ ਕਹਾਣੀ।

ਜੋ ਸੀ ਆਪਣੇ ਸਕੇ ਸਹਾਰੇ
ਦਿੰਦੇ ਰਹੇ ਉਹ ਝੂਠੇ ਲਾਰੇ।
ਜਦ ਇਹ ਫਸਿਆ ਵਿਚ ਮਝਦਾਰ
ਫਿਰ ਸਮਝਾ ਇਹ ਜੱਗ ਵਿਕਾਰ।
ਮੰਗਿਆ ਦੁੱਧ ਤਾਂ ਮਿਲਿਆ ਪਾਣੀ
ਦੁਨੀਆਂ ਵਾਲਿਓ ਸੁਣੋ ਕਹਾਣੀ।

ਦੁਨੀਆਂ ਵਿਚ ਨਾ ਸੱਜਣ ਕੋਈ
ਰਵਿਦਾਸ ਗੁਰੂ ਦਰ ਮਿਲਦੀ ਢੋਈ
'ਲਾਲ' ਕਹੇ ਪੁਕਾਰ-ਪੁਕਾਰ
ਬੇੜਾ ਹੋ ਜਾਊ ਸਭ ਦਾ ਪਾਰ
ਸਤਿਗੁਰ ਗੰਢਦੇ ਟੁੱਟੀ ਤਾਣੀ
ਦੁਨੀਆਂ ਵਾਲਿਓ ਸੁਣੋ ਕਹਾਣੀ
ਇਹ ਦੁਨੀਆਂ ਇਕ ਰਾਤ ਦੀ ਰਾਣੀ।

**ਸੂਬੇਦਾਰ ਮੇਜਰ ਪਿਆਰੇ ਲਾਲ ਗੈਜੂਏਟ,**
**ਪਿੰਡ ਚੁਖਿਆਰਾ ਜ਼ਿਲ੍ਹਾ ਜਲੰਧਰ**

# ਇਨਕਲਾਬੀ ਰਹਿਨੁਮਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 642ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ



ਸ੍ਰੀ ਗੁਰੂ ਰਵਿਦਾਸ ਪ੍ਰਚਾਰਕ ਜੱਥਾ ਬੇਗਮਪੁਰਾ,
ਮੁੱਖ ਪ੍ਰਚਾਰਕ ਭਾਈ ਪਰਮਜੀਤ ਟੋਹਾਨਾ (ਹਰਿਆਣਾ)



ਗੁਰਮੇਲ ਸਿੰਘ
ਬਜਰੌਰ



ਡਾ. ਸ਼ਾਮ ਲਾਲ
ਡੀਂਗਰੀਆਂ



ਰਿਟਾ. ਪੋਸਟ ਮਾਸਟਰ
ਸੰਤ ਤੋਤਾ ਮੱਲ ਮਲੇਰਕੋਟਲਾ



ਲਵਨ ਕੈਨੇਡੀਅਨ



ਤਰਨਵੀਰ ਸਿੰਘ ਬਿਨਪਾਲਕੇ



ਰਿਹਾਨ ਚੋਪੜਾ ਰਸਤਗੋ (ਭੋਗਪੁਰ)



ਸਹਿਜਦੀਪ ਕੌਰ ਮਾਣਕਰਾਏ (ਭੋਗਪੁਰ)

## ਸ਼੍ਰੀ ਗੁਰੂ ਰਵਿਦਾਸ ਜੀ ਦੇ ਅਗਲੇ 12 ਪ੍ਰਕਾਸ਼ ਦਿਹਾੜੇ

| ਪ੍ਰਕਾਸ਼ ਉਤਸਵ | ਮਿਤੀ | ਦਿਨ |
|---|---|---|
| 642ਵਾਂ | 19 ਫਰਵਰੀ 2019 | ਮੰਗਲਵਾਰ |
| 643ਵਾਂ | 09 ਫਰਵਰੀ 2020 | ਐਤਵਾਰ |
| 644ਵਾਂ | 27 ਫਰਵਰੀ 2021 | ਸ਼ਨੀਵਾਰ |
| 645ਵਾਂ | 16 ਫਰਵਰੀ 2022 | ਬੁੱਧਵਾਰ |
| 646ਵਾਂ | 05 ਫਰਵਰੀ 2023 | ਐਤਵਾਰ |
| 647ਵਾਂ | 24 ਫਰਵਰੀ 2024 | ਸ਼ਨੀਵਾਰ |
| 648ਵਾਂ | 12 ਫਰਵਰੀ 2025 | ਬੁੱਧਵਾਰ |
| 649ਵਾਂ | 01 ਫਰਵਰੀ 2026 | ਐਤਵਾਰ |
| 650ਵਾਂ | 20 ਫਰਵਰੀ 2027 | ਸ਼ਨੀਵਾਰ |
| 651ਵਾਂ | 10 ਫਰਵਰੀ 2028 | ਵੀਰਵਾਰ |
| 652ਵਾਂ | 30 ਜਨਵਰੀ 2029 | ਮੰਗਲਵਾਰ |
| 653ਵਾਂ | 18 ਫਰਵਰੀ 2030 | ਸੋਮਵਾਰ |

ਡੇਰਾ ਸੰਤ ਬਾਬਾ ਫੂਲ ਨਾਥ ਜੀ, ਜੀ.ਟੀ. ਚਹੇੜੂ, ਫਗਵਾੜਾ (ਕਪੂਰਥਲਾ)

## ਇਤਿਹਾਸਕ ਜੀਵਨੀ

ਸੰਸਥਾ ਪਾਸੋਂ ਪ੍ਰੋ. ਲਾਲ ਸਿੰਘ ਜੀ ਦੀ ਲਿਖੀ ਪੁਸਤਕ ਇਤਿਹਾਸਕ ਜੀਵਨੀ ਸਤਿਗੁਰੂ ਰਵਿਦਾਸ ਜੀ ਜੋ 424 ਪੰਨਿਆਂ ਦੀ ਹੈ। ਇਹ ਇਤਿਹਾਸਕ ਜੀਵਨੀ ਕੋਰੀਅਰ ਰਾਹੀਂ ਅੱਧੀ ਕੀਮਤ (ਪੂਰੀ ਕੀਮਤ 700 ਰੁਪਏ) 'ਤੇ ਮੰਗਵਾਈ ਜਾ ਸਕਦੀ ਹੈ। ਇਤਿਹਾਸਕਾਰਾਂ, ਲੇਖਕਾਂ, ਬੁਲਾਰਿਆਂ, ਕਥਾਵਾਚਕਾਂ, ਰਾਗੀ ਜਥਿਆਂ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਲਈ ਇਹ ਪੁਸਤਕ ਬਹੁਤ ਜ਼ਰੂਰੀ ਅਤੇ ਲਾਹੇਵੰਦ ਹੈ। ਪੁਸਤਕ ਮੰਗਵਾਉਣ ਲਈ ਸੰਪਰਕ ਕਰੋ ਜੀ। ਮੋਬਾਈਲ - 98725-88620



**ਭਾਈ ਦਿਲਬਾਗ ਸਿੰਘ**

ਕੀਰਤਨੀ ਜੱਥਾ, ਪਿੰਡ ਤੇ ਡਾਕਖਾਨਾ
ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ,
ਮੋਬਾਈਲ ਨੰਬਰ - 97811-12944


ਵਿਸ਼ਵ ਸਾਂਝੀਵਾਲਤਾ ਦੇ ਸਿਰਜਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 642ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

# ਚੋਪੜਾ ਇਲੈਕਟ੍ਰੀਕਲਜ਼

TOTAL HOUSE WIRING

Tejinder Chopra

Spl. In : Repair of Cooler, Madhani, Mixi, Drill Machine, Refrigerator, Motor Armature, Washing Machine, Fancy Light, Dish,T.V., CCTV Camera & Repair/Sale of New Marble Cutter

DEALER - HAVELLS, KALSI, RLK LIGHTING

ਸਰਕਾਰੀ ਅਦਾਰਿਆਂ ਵਿਚ ਬਿਜਲੀ ਅਤੇ CCTV Camera ਦਾ ਕੰਮ ਵਧੀਆ ਅਤੇ ਸਸਤਾ ਕੀਤਾ ਜਾਂਦਾ ਹੈ।

Adampur Road, Near Railway Fatak, Bhogpur, Jalandhar. M.: 98159-63269, 70871-50013




'ਰਵਿਦਾਸ ਪਿਤਾ ਦੀਆਂ ਧੀਆਂ ਭੀਮ ਰਾਓ ਦੇ ਵਾਂਗੂੰ ਪੜ੍ਹਨਗੀਆਂ' ਗੀਤ ਦੀ ਪੇਸ਼ਕਾਰੀ ਕਰਦੀਆਂ ਹੋਈਆਂ ਡਾ. ਭੀਮ ਰਾਓ ਅੰਬਿਡਕਰ ਚੇਤਨਾ ਮੰਚ ਭੋਗਪੁਰ (ਜਲੰਧਰ) ਦੀਆਂ ਬੱਚੀਆਂ।